# ਸਾਂਝੀ ਵਿਰਾਸਤ

ਅੰਕ 56 ਜਿਲਦ 5 1-ਭਾਦੋਂ 558 (16 ਅਗਸਤ) 2026



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ

## (1-ਭਾਦੋਂ 557 / 16-ਅਗਸਤ 2025 ਅੰਕ)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋ. ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਇੰਜੀ. ਕਰਮਜੀਤ ਸਿੰਘ ਨੂਰ | 5 |
| 4 | ਭਾਰਤ-ਪਾਕਿਸਤਾਨ ਦੀ 1947 ਦੀ ਵੰਡ ਵੇਲੇ ਉਜਾੜਿਆਂ ਦੀ ਦਰਦਾਂ ਭਰੀ ਹੱਡ-ਬੀਤੀ ਦਾਸਤਾਨ | ਡਾ. ਮਿਲਖਾ ਸਿੰਘ ਔਲਖ | 6 |
| 5 | ਅਸੀਂ ਕਿਉ ਕਹਿੰਦੇ ਹਾਂ, "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ": ਭਾਗ 2 | ਡਾ: ਸਰਬਜੀਤ ਸਿੰਘ | 13 |
| 6 | ਪੰਜਾਬ ਦੀ ਵੰਡ ਤੋਂ ਪਹਿਲਾਂ ਬਣਾਈ ਅਕਾਲ ਫੌਜ: ਭਾਗ 1 | ਡਾ. ਕਾਬਲ ਸਿੰਘ | 16 |
| 7 | ਮਨੁੱਖ ਦਾ ਜੀਵਨ ਵਿਚ ਮਕਸਦ | ਸਰਦਾਰਨੀ ਮਨਪ੍ਰੀਤ ਕੌਰ | 18 |
| 8 | ਕੀ ਨੌਂਵੇ ਨਾਨਕ ਦੀ ਬਾਣੀ ਵੈਰਾਗਮਈ ਹੈ?: ਭਾਗ 2 | ਸਰਦਾਰ ਕਰਮਜੀਤ ਸਿੰਘ | 21 |
| 9 | ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 3 | ਡਾ. ਤਰਲੋਕ ਸਿੰਘ | 23 |
| 10 | ਵਾਰਾਂ ਭਾਈ ਗੁਰਦਾਸ: ਭਾਗ ਛੇਵਾਂ | ਸ. ਜਸਵਿੰਦਰ ਸਿੰਘ ਰੁਪਾਲ | 26 |
| 11 | Why There is no woman Guru: Part 3 | Dr. Kala Singh | 28 |
| 12 | ਗੁਰਬਾਣੀ ਵਿਚ ਬਿੰਦੀ, ਟਿੱਪੀ ਅਤੇ ਅੱਧਕ ਦਾ ਉਚਾਰਨ: ਭਾਗ 1 | ਸਰਦਾਰਨੀ ਤਜਿੰਦਰ ਕੌਰ | 31 |
| 13 | Sarbat Khalsa | Sardar Gurpreet Singh | 34 |
| 14 | ਆਦਿ ਮੰਗਲ ਦਾ ਸਰੂਪ ਸਥਾਨ ਅਤੇ ਪਾਠ ਭੇਦ ਉਕਾਈਆਂ | ਡਾ. ਔਂਕਾਰ ਸਿੰਘ | 36 |
| 15 | ਸਿਮਰਨ ਤੋਂ ਪ੍ਰਾਪਤੀਆਂ: ਭਾਗ 3 | ਸਰਦਾਰ ਫੂਲਾ ਸਿੰਘ | 37 |
| 16 | ਰੱਖੜੀ ਤੇ ਵਿਸ਼ੇਸ਼: ਵੀਰਾ ਅੱਜ ਦੇ ਸ਼ੁਭ ਦਿਹਾੜੇ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 40 |
| 17 | ਆਜ਼ਾਦੀ ਦਿਹਾੜੇ ਤੇ ਵਿਸ਼ੇਸ਼: ਸੁਣ ਨੀ ਭੈਣ ਅਜ਼ਾਦੀਏ (ਗੀਤ) | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 41 |
| 18 | Calligraphy | ਸਰਦਾਰਨੀ ਮਨਿੰਦਰ ਕੌਰ | 42 |
| 19 | ਗੁਰਬਾਣੀ ਸਿਖਿਆ ਅਨੁਸਾਰ ਸਿੱਖ ਮਨੁਖੀ ਸੁਰਤਿ ਨੇ ਬਣਨਾ ਹੈ ਜਾਂ ਸਰੀਰ ਨੇ? | ਕਾਬਲ ਸਿੰਘ, ਗੁਰਬਖਸ਼ ਸਿੰਘ ਬਾਸੀ | 43 |
| 20 | ਲੇਖਕਾਂ ਲਈ ਜਰੂਰੀ ਜਾਣਕਾਰੀ | | 46 |
| 21 | ਸੰਪਾਦਕੀ ਮੰਡਲ | | 47 |

# ਸੰਪਾਦਕੀ ਨੋਟ

1 – ਭਾਦੋਂ 558 (16 – ਅਗਸਤ) 2026 ਅੰਕ

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਭਾਦੋਂ ਦਾ ਮਹੀਨਾ 16 ਅਗਸਤ ਤੋਂ ਸ਼ੁਰੂ ਹੁੰਦਾ ਹੈ। ਖਾਲਸਾ ਪੰਥ ਲਈ ਮੂਲ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਅਤੇ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਆਦਿ ਗ੍ਰੰਥ (ਜਾਂ ਪੋਥੀ ਸਾਹਿਬ) ਦੀ ਸੰਪਾਦਨਾ ਭਾਦੋਂ ਮਹੀਨੇ ਦੇ ਮੱਧ ਵਿਚ ਸੰਪੂਰਨ ਹੋ ਗਈ ਸੀ। ਪਹਿਲੀ ਸਤੰਬਰ 1604 ਨੂੰ ਇਸ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ ਗੁਰੂ ਅਰਜਨ ਸਾਹਿਬ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ 1708 ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਮੌਜੂਦਾ ਸਰੂਪ ਅਤੇ "ਸਦੀਵੀ ਗੁਰੂ" ਦਾ ਦਰਜਾ ਦਿੱਤਾ। ਗੁਰੂ ਨਾਨਕ ਸਾਹਿਬ ਦਾ ਵਿਆਹ ਪੁਰਬ ਵੀ 15 ਭਾਦੋਂ ਨੂੰ ਮਨਾਇਆ ਜਾਂਦਾ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਪ੍ਰਗਟ ਦਿਹਾੜਾ 7 ਅਗਸਤ ਨੂੰ ਮਨਾਇਆ ਗਿਆ।

ਇਸ ਮਹੀਨੇ ਵਿਚ ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ।

ਭਾਰਤ ਵਿਚ 15 ਅਗੱਸਤ ਨੂੰ ਆਜ਼ਾਦੀ) ਮਨਾਇਆ ਜਾਂਦਾ ਹਨ। 15 ਅਗੱਸਤ 1947 ਇੱਕ ਐਸਾ ਦਿਨ ਸੀ ਜਦੋਂ 'ਵਾਹਗੇ ਵਾਲੀ ਲਕੀਰ' (ਰੈਡੱਕਲਿਫ ਲਾਈਨ) ਨੇ ਪੰਜਾਬ ਨੂੰ ਦੋ ਹਿਸਿਆਂ ਵਿਚ ਵੰਡ ਦਿੱਤਾ। ਭਾਰਤੀ (ਪੂਰਬੀ) ਪੰਜਾਬ ਅਤੇ ਪਾਸਿਤਾਨੀ (ਪੱਛਮੀ) ਪੰਜਾਬ ਦੀਆਂ ਆਬਾਦੀਆਂ ਦੀ ਅਦਲਾ-ਬਦਲੀ ਵਿਚ ਲੱਖਾਂ ਬੇਗੁਨਾਹਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਪਰ ਦੋਵਾਂ ਵਿਚ ਬੋਲੀ ਜਾਂਦੀ ਪੰਜਾਬੀ ਭਾਸ਼ਾ ਦੀ ਸਾਂਝ ਅੱਜ ਵੀ ਮੌਜੂਦ ਹੈ। ਬੰਗਾਲ ਦੇ ਵੀ ਦੋ ਹਿੱਸੇ ਹੋ ਗਏ ਪਰ ਬੋਲੀ ਜਾਣ ਵਾਲੀ ਬੰਗਾਲੀ ਭਾਸ਼ਾ ਇੱਕੋ ਹੈ।

ਅਗਸਤ ਵਿਚ ਇੰਟਰਨੈਸ਼ਨਲ ਦੋਸਤੀ ਮਨਾਇਆ ਜਾਂਦਾ ਹੈ, ਭਾਰਤ ਤੇ ਹੋਰ ਏਸ਼ੀਆਈ ਦੇਸ਼ਾਂ ਵਿਚ ਪਹਿਲੇ ਐਤਵਾਰ।

## ਲੇਖਕਾਂ ਲਈ ਜਾਣਕਾਰੀ

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ info@sanjhivirasat.org ਈ ਮੇਲ ਤੇ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ (ਹੋਰ ਜਾਣਕਾਰੀ ਅੰਕ ਦੇ ਅੰਤ ਵਿਚ ਹੈ), ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਹੋਰ ਜਾਣਕਾਰੀ ਵਿਸ਼ੇ ਸੂਚੀ ਵਿਚ ਦਸੇ ਪੰਨੇ ਤੇ ਹੈ ਜੀ।

ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਕਾਬਲ ਸਿੰਘ

ਮੁੱਖ ਸੰਪਾਦਕ (ਐਡਮਿੰਟਨ ਕੈਨੇਡਾ)

# ਭਾਦਉ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

**ੴ ਸਤਿਗੁਰ ਪ੍ਰਸਾਦਿ॥**

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**

**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**

**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥**

**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥**

**ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥**

**ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥** {ਪੰਨਾ 1108}

## ਵਿਆਖਿਆ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ

ਐਡਮਿੰਟਨ (ਕੈਨੇਡਾ)



ਮਨੁੱਖ ਦੇ ਮਨ ਅਤੇ ਸਰੀਰ ਉੱਤੇ ਸਮੇ ਨਾਲ ਬਦਲਦੀਆਂ ਰੁੱਤਾਂ ਦਾ ਅਸਰ ਪੈਂਦਾ ਹੈ। ਬਰਸਾਤ ਦੇ ਸੁਹਾਵਣੇ ਮੌਸਮ ਵਿਚ ਸੰਸਾਰਕ ਖੁਸ਼ੀਆਂ ਤੇ ਰੰਗ ਤਮਾਸ਼ੇ ਮਨ ਨੂੰ ਭਾਉਂਦੇ ਹਨ। ਪਰ ਭਾਦੋਂ ਰੂਪੀ ਉਮਰ ਦੀ ਭਰ-ਜੁਆਨੀ ਵਿਚ ਆਖਰ ਮਨੁੱਖ ਨੂੰ ਇਨ੍ਹਾਂ ਖੁਸ਼ੀਆਂ ਦੇ ਭਰਮ ਦਾ ਅਹਿਸਾਸ ਤੇ ਪਛਤਾਵਾ ਹੁੰਦਾ ਹੈ। ਬਰਸਾਤ ਨਾਲ ਆਲੇ ਦੁਆਲੇ ਜਲ-ਥਲ ਦਾ ਵਾਤਾਵਰਣ ਖੁਸ਼ੀਆਂ ਮਾਣਨ ਦਾ ਹੋ ਜਾਦਾ ਹੈ ਪਰ ਪ੍ਰਭੂ ਪਤੀ ਨੂੰ ਵਿਸਾਰ ਕੇ ਜੀਵ ਇਸਤ੍ਰੀ ਵਿਆਕੁਲ ਹੁੰਦੀ ਹੈ। ਉਹ ਕਾਲੀ ਰਾਤ ਵਿਚ ਲਗਾਤਾਰ ਪੈਂਦੇ ਮੀਂਹ ਵਿਚ ਇਕੱਲੀ ਪ੍ਰਭੂ ਪਤੀ ਤੋਂ ਬਿਨਾ ਕਿਵੇਂ ਸੁਖੀ ਹੋ ਸਕਦੀ ਹੈ। ਡੱਡੂਆਂ ਤੇ ਮੋਰਾਂ ਦੀਆਂ ਆਵਾਜ਼ਾਂ ਨਾਲ ਪਪੀਹੇ ਦੀ ਪੀਊ ਪੀਊ ਮਨ ਵਿਚ ਪ੍ਰਭੂ ਵਿਛੋੜੇ ਦੀ ਕਸਕ ਪਾਉਂਦੀ ਹੈ। ਸੱਪਾਂ ਦੇ ਡੱਸਣ ਵਰਗੀ ਪੀੜ ਮਨ ਨੂੰ ਪੁੰਹਦੀ ਹੈ। ਭਾਦੋਂ ਰੂਪੀ ਉਮਰ ਦੇ ਸਮੇ ਵਿਚ ਪ੍ਰਭੂ ਵਿਛੋੜੇ ਦਾ ਦਰਦ ਮੱਛਰਾਂ ਦੇ ਡੰਗ ਵਰਗਾ ਦੁਖਦਾਈ ਹੁੰਦਾ ਹੈ।

ਪ੍ਰਭੂ ਦੀ ਯਾਦ ਤੋਂ ਬਿਨਾ ਸੁਹਾਵਣੇ ਮੌਸਮ ਦੇ ਸੁੱਖ ਵੀ ਨਹੀਂ ਸੁਖਾਂਦੇ। ਪ੍ਰਭੂ ਵਿਛੋੜੇ ਦਾ ਦੁਖ ਦੂਰ ਕਰਨ ਲਈ ਆਪਣੇ ਗੁਰੂ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਸ ਦੇ ਨਾਲ ਜੀਵ ਦਾ ਪ੍ਰਭੂ ਵਲ ਜਾਣ ਦਾ ਹੌਂਸਲਾ ਬਣਦਾ ਹੈ।

## ਬਾਰਹ ਮਾਹਾ ਮਾਝ ਮਹਲਾ 5
### ਭਾਦਰੋਂ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

**ੴ ਸਤਿਗੁਰ ਪ੍ਰਸਾਦਿ॥**

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।**
**ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥**

**ਵਿਆਖਿਆ**

ਪੰਚਮ ਪਾਤਸ਼ਾਹ ਉਪਦੇਸ਼ ਕਰ ਰਹੇ ਹਨ ਕਿ ਪਤੀ ਨੂੰ ਛੱਡ ਕੇ, ਕਿਸੇ ਦੂਜੇ ਨਾਲ ਪਿਆਰ ਕਰਨ ਵਾਲੀ ਇਸਤ੍ਰੀ ਦੇ ਹਾਰ ਸ਼ਿੰਗਾਰ ਲਾਏ ਸਭ ਵਿਅਰਥ ਹਨ, ਮੁਸੀਬਤ ਵੇਲੇ ਸਭ ਛੱਡ ਕੇ ਪਾਸੇ ਹੋ ਜਾਂਦੇ ਹਨ। ਇਸੇ ਤਰਾਂ ਇੱਕ ਨਿਰੰਕਾਰ ਨੂੰ ਛੱਡ ਕੇ ਸੰਸਾਰ ਨਾਲ ਮੋਹ ਰੱਖਣ ਵਾਲੀ ਜੀਵ ਇਸਤ੍ਰੀ ਦੇ ਇਕੱਤਰ ਕੀਤੇ ਸਭ ਧਨ ਪਦਾਰਥ ਅਖੀਰ ਦੁੱਖ ਦਾ ਹੀ ਕਾਰਣ ਬਣਦੇ ਹਨ। ਕੁਛ ਵੀ ਨਾਲ ਨਹੀਂ ਜਾਂਦਾ। ਜੀਵ ਆਪਣੇ ਕੀਤੇ ਕਰਮਾਂ ਕਰਕੇ ਨਰਕ ਦਾ ਜੀਵਨ ਭੋਗਦਾ ਹੈ। ਗੁਰੂ ਨਾਲ ਪਿਆਰ ਰੱਖਣ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਰੂਪੀ ਜਹਾਜ਼ ਤੇ ਸਵਾਰ ਹੋ ਕੇ ਅਨੰਦਮਈ ਜੀਵਨ ਬਤੀਤ ਕਰਦਾ ਹੈ।



ਇੰਜੀਨੀਅਰ ਸਰਦਾਰ ਕਰਮਜੀਤ ਸਿੰਘ
'ਨੂਰ', ਜਲੰਧਰ (ਭਾਰਤ)

# ਭਾਰਤ-ਪਾਕਿਸਤਾਨ ਦੀ 1947 ਦੀ ਵੰਡ ਵੇਲੇ ਉਜਾੜਿਆਂ ਦੀ ਦਰਦਾਂ ਭਰੀ ਹੱਡ-ਬੀਤੀ ਦਾਸਤਾਨ: ਮਾਂ ਦੀ ਜਬਾਨੀ (ਇਹ ਕਹਾਣੀ ਨਹੀਂ, ਸੱਚੀਆਂ ਹੱਡ-ਬੀਤੀਆਂ ਹਨ)

ਡਾ. ਮਿਲਖਾ ਸਿੰਘ ਔਲਖ

## ਭਾਗ 1: ਪਿਛੋਕੜ

ਮੇਰਾ ਜਨਮ 1950 ਵਿਚ ਇਤਿਹਾਸਕ ਪਿੰਡ 'ਅਟਾਰੀ ਸ਼ਾਮ ਸਿੰਘ', ਜਿਲ੍ਹਾ ਅੰਮ੍ਰਿਤਸਰ ਵਿਖੇ ਨੰਬਰਦਾਰ ਸਰਦਾਰ ਜਿੰਦਰ ਸਿੰਘ ਅਤੇ ਸਰਦਾਰਨੀ ਹਰਨਾਮ ਕੌਰ ਦੇ ਘਰ ਹੋਇਆ। ਇਹ ਪਿੰਡ ਪਾਕਿਸਤਾਨ ਦੀ ਹੱਦ ਤੋਂ 2 ਕਿਲੋਮੀਟਰ ਦੂਰ ਅੰਮ੍ਰਿਤਸਰ ਤੋਂ ਲਾਹੋਰ ਜਾਣ ਵਾਲੀ ਜਰਨੈਲੀ ਸੜਕ ਤੇ ਸਥਿੱਤ ਹੈ। ਮੈਂ ਮੁਢਲੀ ਸਿਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਵਿਚ ਪ੍ਰਾਪਤ ਕੀਤੀ।

ਸਕੂਲ ਵਿਚ ਪੜਦੇ ਮੇਰੇ ਦੋਸਤਾਂ ਦੇ ਭੈਣਾਂ-ਭਰਾਵਾਂ ਦੇ ਅਕਸਰ ਨਾਂ ਰਲਦੇ ਮਿਲਦੇ ਸਨ, ਜਿਵੇਂ ਕਿ ਰਣਜੀਤ, ਹਰਜੀਤ ਤੇ ਗੁਰਜੀਤ। ਪਰ ਸਾਡੇ ਪੰਜ ਭਰਾਵਾਂ ਤੇ ਦੋ ਭੈਣਾਂ ਦੇ ਨਾਵਾਂ ਦਾ ਆਪਸੀ ਕੋਈ ਤਾਲ-ਮੇਲ ਨਹੀਂ ਸੀ। ਮੈਂ ਤੇ ਮੇਰਾ ਛੋਟਾ ਭਰਾ ਖਜਾਨ ਇਹ ਫਰਕ ਮਹਿਸੂਸ ਕਰਦੇ ਸੀ, ਤੇ ਆਪਣੀ ਮਾਤਾ ਜੀ ਨੂੰ ਪੁਛਦੇ ਰਹਿੰਦੇ ਸੀ, ਕਿ ਤੁਸੀਂ ਆਪਣੇ ਬਚਿਆਂ ਦੇ ਨਾਂ ਕਿਵੇਂ ਚੁਣੇ। ਹਰ ਵਾਰ ਮਾਤਾ ਜੀ ਚੁੱਪ ਰਹਿੰਦੇ ਪਰ ਇਕ ਹਉਕਾ ਜਰੂਰ ਲੈਂਦੇ ਸਨ।

ਨਵੰਬਰ 1964 ਵਿਚ, ਸਾਡੇ ਪਿੰਡ ਅਤੇ ਖੇਤਾਂ ਵਿਚ ਮਿਲਟਰੀ ਦੀ ਅਵਾਜਾਈ ਹੋਣ ਲਗੀ ਅਤੇ ਉਨ੍ਹਾਂ ਨੇ ਮੋਰਚੇ ਬਣਾ ਲਏ। ਜਨਵਰੀ 1965 ਤੱਕ ਮਿਲਟਰੀ ਨੇ ਅਟਾਰੀ ਦੇ ਲੜਕਿਆਂ ਤੇ ਲੜਕੀਆਂ ਦੇ ਸਕੂਲਾਂ ਵਿਚ ਵੀ ਡੇਰਾ ਲਾ ਲਿਆ ਤੇ ਸਾਡੀ ਪੜਾਈ ਤਕਰੀਬਨ ਬੰਦ ਹੋ ਗਈ। ਨਤੀਜੇ ਵਜੋਂ ਮਾਰਚ 1965 ਵਿਚ ਸਾਡੇ ਪ੍ਰੀਖਿਆ ਦੇ ਪੇਪਰ ਵੀ ਸੰਤੁਸ਼ਟੀ-ਜਨਕ ਨਾ ਹੋਏ।

ਉਹਨਾਂ ਦਿਨਾਂ ਵਿਚ ਸਾਡੇ ਮਾਤਾ ਜੀ ਬਹੁਤ ਫਿਕਰਮੰਦ ਜਾਪਦੀ ਸੀ। ਸੰਭਵ, 1947 ਵਿਚ ਭਾਰਤ-ਪਾਕਿਸਤਾਨ ਵੰਡ ਵੇਲੇ ਹੋਏ ਉਜਾੜਿਆਂ ਦੇ ਭਿਆਨਕ ਵਰਤਾਰੇ ਨੂੰ ਯਾਦ ਕਰਕੇ ਪ੍ਰੇਸ਼ਾਨ ਰਹਿੰਦੀ ਸੀ। ਮਾਰਚ 1965 ਵਿਚ ਫਿਰ ਸਾਡੇ ਵਲੋਂ ਬੱਚਿਆਂ ਦੇ ਨਾਵਾਂ ਬਾਰੇ ਪੁਛਣ ਤੇ ਮਾਤਾ ਜੀ ਦਾ ਮਨ ਬਹੁਤ ਭਰ ਆਇਆ ਤੇ ਵਿਹੜੇ ਵਿਚ ਪਈ ਮੰਜੀ ਤੇ ਬਿਠਾਕੇ 1947 ਦੀ ਦਾਸਤਾਨ ਸੁਣਾਉਣੀ ਸ਼ੁਰੂ ਕੀਤੀ।

ਪੁੱਤਰ, ਅੰਗ੍ਰੇਜਾਂ ਵਲੋਂ ਵਸਾਏ ਬਾਰ ਦੇ ਇਲਾਕੇ ਵਿਚ ਸਾਡਾ ਪਿੰਡ '75-ਚੱਕ ਜੇ ਬੀ ਸੋਹਲ' ਸੀ, ਜੋ ਲਾਇਲਪੁਰ (ਹੁਣ ਫੈਸਲਾਬਾਦ) ਸ਼ਹਿਰ ਤੋਂ ਤਕਰੀਬਨ '20-22 ਕੋਹ' (ਕੋਹ ਦੀ ਲੰਬਾਈ ਤਕਰੀਬਨ 1.25 ਮੀਲ ਜਾਂ 1.83 ਕਿਲੋਮੀਟਰ ਹੈ) ਦੂਰ, ਝੰਗ ਜਾਂਦੀ ਸੜਕ ਤੇ ਸਥਿਤ ਸੀ। ਪਿੰਡ ਵਿਚ ਸਿੱਖ, ਹਿੰਦੂ ਤੇ ਮੁਸਲਮਾਨ ਬੜੇ ਪਿਆਰ ਨਾਲ ਮਿਲ-ਜੁਲ ਕੇ ਰਹਿੰਦੇ ਸੀ। ਭਾਵੇਂ ਕੱਚੇ ਘਰ ਤੇ ਕੱਚੀਆਂ ਗਲੀਆਂ ਸਨ, ਪਰ ਲੋਕ ਬੜਾ ਸਿਹਤਮੰਦ ਤੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਸੀ। ਪਿੰਡ ਦੇ ਹਰੇਕ ਟੱਬਰ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਣਾਂ ਤੇ ਲੋੜਵੰਦ ਦੀ ਮਦਦ ਕਰਨੀ ਇਕ ਦਸਤੂਰ ਤੇ ਧਰਮ ਸਮਝਿਆ ਜਾਂਦਾ ਸੀ।

ਸਾਡੇ ਕੋਲ ਰੱਬ ਦਾ ਦਿੱਤਾ ਬਹੁਤ ਕੁਝ ਸੀ। ਚੰਗੀ ਉਪਜਾਊ ਜਮੀਨ ਤੇ ਖੇਤੀ ਲਈ ਨਹਿਰੀ ਪਾਣੀ, ਬਲਦਾਂ ਦੀਆਂ ਚਾਰ ਜੋੜੀਆਂ, ਤੇ ਦੁੱਧ ਲਈ ਲਵੇਰੀਆਂ ਮੱਝਾਂ ਸਨ। ਖੁੱਲਾ ਗਾਡੀ-ਦਰਵਾਜੇ ਵਾਲਾ ਘਰ ਸੀ। ਤੁਹਾਡੇ ਬਾਪੂ ਜੀ ਪਿੰਡ ਦੇ ਨੰਬਰਦਾਰ ਸਨ। ਇਹ ਸਾਰਾ ਕੁਝ ਮਾਤਾ ਜੀ ਇਸ ਤਰਾਂ ਕਹਿ ਗਏ ਜਿਵੇਂ ਕੱਲ ਦਾ ਹੀ ਦ੍ਰਿਸ਼ ਲਗਦਾ ਹੋਵੇ। ਪਰ ਉਨ੍ਹਾਂ ਦੀਆਂ ਅੱਖਾਂ ਵਿਚੋਂ ਅਥਰੂ ਡਲਕਣ ਲਗੇ, ਜਿਵੇਂ ਉਹਨਾਂ ਨੂੰ ਖੁਸੇ ਹੋਏ ਦਾ ਬਹੁਤ ਦੁੱਖ ਹੋਵੇ।

ਉਸ ਵੇਲੇ ਦੋ ਗੁਆਂਢਣਾਂ ਆ ਕੇ ਨਾਲ ਵਾਲੇ ਮੰਜੇ ਤੇ ਬੈਠ ਗਈਆਂ। ਅਸੀਂ ਦੋਵਾਂ ਭਰਾਵਾਂ ਨੇ ਘੜੇ ਵਿਚੋਂ ਠੰਡਾ ਪਾਣੀ ਲਿਆ ਕੇ ਮਾਤਾ ਜੀ ਤੇ ਗੁਆਂਢਣਾਂ ਨੂੰ ਪਿਆਇਆ।

ਮਾਤਾ ਜੀ ਨੇ ਗੱਲ ਅਗੇ ਤੋਰੀ। ਉਦੋਂ ਪਿੰਡਾਂ ਵਿਚ ਬਿਜਲੀ ਨਹੀਂ ਸੀ ਹੁੰਦੀ। ਸਾਡੇ ਪਿੰਡ ਵਿਚ ਕਿਸੇ ਦੇ ਘਰ ਰੇਡੀਓ ਨਹੀਂ ਸੀ, ਪਰ ਸ਼ਹਿਰਾਂ ਵਿਚ ਕਿਸੇ ਵਿਰਲੇ ਘਰ ਰੇਡੀਓ ਹੁੰਦਾ ਸੀ। ਆਹ ਟੈਲੀਵੀਯਨ ਤੇ ਟੈਲੀਫੋਨ ਦਾ ਨਾਂ ਵੀ ਕਿਸੇ ਨੂੰ ਪਤਾ ਨਹੀ ਸੀ।

ਜਦੋਂ ਕੋਈ ਲਾਇਲਪੁਰ ਜਾਂਦਾ ਤਾਂ ਖਬਰਾਂ ਸੁਣ ਕੇ ਆਉਂਦਾ। 1945-46 ਵਿਚ ਉਡਦੀਆਂ-ਉਡਦੀਆਂ ਖਬਰਾਂ ਆਉਂਦੀਆਂ ਕਿ ਮੁਸਲਮਾਨਾਂ ਦਾ ਇਕ ਨੇਤਾ 'ਜਿਨਾਹ' ਵੱਖਰੇ ਦੇਸ਼ ਦੀ ਮੰਗ ਕਰਦਾ ਰਹਿੰਦਾ ਹੈ। ਕਹਿੰਦਾ ਹੈ ਕਿ ਮੁਸਲਮਾਨ ਆਪਣਾ ਪਾਕਿਸਤਾਨ ਬਣਾਕੇ ਹੀ ਰਹਿਣਗੇ। ਫਿਰ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਦੇ ਝਗੜਿਆਂ ਤੇ ਦੰਗੇ-ਫਸਾਦਾਂ ਦੀਆਂ ਅਫਵਾਹਾਂ ਫੈਲਣ ਲੱਗੀਆਂ। ਕੋਈ ਕਹਿੰਦਾ ਲਾਹੌਰ ਤੇ ਨਨਕਾਣਾਂ ਸਾਹਿਬ ਤਕ ਪੰਜਾਬ ਹਿੰਦੁਸਤਾਨ ਵਿਚ ਰਹੇਗਾ ਤੇ ਕੋਈ ਕਹੇ ਕਿ ਅੰਬਰਸਰ ਕੋਲ ਦੋਵਾਂ ਦੇਸ਼ਾਂ ਦੀ ਹੱਦ ਹੋਵੇਗੀ।

ਸਿੱਖ, ਹਿੰਦੂ ਜਾਂ ਮੁਸਲਮਾਨ, ਕੋਈ ਵੀ ਆਪਣੇ ਘਰ ਛੱਡਣਾਂ ਨਹੀਂ ਸੀ ਚਾਹੁੰਦੇ। ਪਰ ਖਬਰਾਂ ਤੇਜੀ ਨਾਲ ਆ ਰਹੀਆਂ ਸਨ ਕਿ ਸਿੱਖਾਂ ਤੇ ਹਿੰਦੂਆਂ ਨੂੰ ਹਿੰਦੁਸਤਾਨ ਦੀ ਹੱਦ ਅੰਦਰ ਜਾਣਾਂ ਪਵੇਗਾ। ਇਕ ਗੱਲ ਹੋਰ ਵੀ ਲੋਕਾਂ ਦੇ ਮਨਾਂ ਵਿਚ ਪੱਕੀ ਹੋ ਰਹੀ ਸੀ ਕਿ ਉਹ ਮੁਸਲਮਾਨਾਂ ਨਾਲ ਬੇ-ਭਰੋਸਗੀ ਦਿਨ ਬਦਿਨ ਵਧਦੀ ਵੇਖਦੇ ਸੀ। ਹਾਲਾਂਕਿ ਮੁਸਲਮਾਨਾਂ ਦੇ ਬਹੁਤ ਪਰਿਵਾਰ ਐਸੇ ਵੀ ਸੀ ਜੋ ਕਹਿੰਦੇ ਸਨ ਕਿ ਅਸੀਂ ਤੁਹਾਨੂੰ ਪਿੰਡ ਛੱਡ ਕੇ ਨਹੀਂ ਜਾਣ ਦੇਣਾਂ। ਤੁਹਾਡੀ ਹਿਫਾਜਤ ਅਸੀਂ ਖੁਦ ਕਰਾਂਗੇ।

ਅਖਿਰ ਇਕ ਐਸਾ ਕਾਲਾ ਦਿਨ ਅਇਆ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੀਆਂ ਹੱਦਾਂ ਦਾ ਐਲਾਨ ਹੋ ਗਿਆ। ਪਰ ਕਈ ਤਰਾਂ ਦੀਆਂ ਅਫਵਾਹਾਂ ਫੈਲਣ ਕਰਕੇ ਵੰਡ ਬਾਰੇ ਤਰੀਕ ਦੀ ਖਬਰ ਪਿੰਡਾਂ ਵਿਚ ਬਹੁਤ ਦੇਰ ਨਾਲ ਪਹੁੰਚੀ, ਕਿ ਭਾਦਰੋਂ ਦੀ ਸੰਗਰਾਂਦ ਲਾਗੇ 15 ਅਗਸਤ 1947 ਨੂੰ ਦੋਵਾਂ ਦੇਸ਼ਾਂ ਦੀ ਵੰਡ ਪੱਕੀ ਹੋ ਗਈ ਹੈ। ਪੰਜਾਬ ਸੂਬੇ ਨੂੰ ਦੋ ਫਾੜ ਕਰ ਦਿੱਤਾ ਗਿਆ। ਗੁਰਦਾਸਪੁਰ, ਅੰਬਰਸਰ ਤੇ ਫਿਰੋਜਪੁਰ ਸਮੇਤ ਚੜ੍ਹਦੇ ਪਾਸੇ ਦਾ ਪੰਜਾਬ ਹਿੰਦੁਸਤਾਨ ਵਿਚ ਰਹਿ ਗਿਆ ਅਤੇ ਲਹੌਰ ਸਮੇਤ ਲਹਿੰਦੇ ਪਾਸੇ ਦਾ ਪੰਜਾਬ ਨਵੇਂ-ਐਲਾਨੇ ਪਾਕਿਸਤਾਨ ਦੇਸ਼ ਵਿਚ ਆ ਗਿਆ। ਹੁਣ ਸਾਰਾ ਪਤਾ ਲੱਗ ਗਿਆ ਸੀ ਕਿ ਸਿੱਖਾਂ ਤੇ ਹਿੰਦੂਆਂ ਨੂੰ ਪਾਕਿਸਤਾਨ ਦੀ ਹੱਦ ਪਾਰ ਕਰਕੇ ਚੜਦੇ ਪੰਜਾਬ ਵਿਚ ਜਾਣਾਂ ਹੀ ਪੈਣਾਂ ਹੈ।

ਜਿਹੜੇ ਸਿੱਖ ਤੇ ਹਿੰਦੂ ਪਰਿਵਾਰ ਖੇਤੀ ਤੋਂ ਇਲਾਵਾ ਹੋਰ ਕੰਮਕਾਰ ਜਾਂ ਨੌਕਰੀ ਕਰਦੇ ਸਨ, ਉਹ ਸਹਿਜੇ-ਸਹਿਜੇ ਆਪਣੇ ਰਿਸ਼ਤੇਦਾਰਾਂ ਨਾਲ ਤਾਲ ਮੇਲ ਕਰਕੇ ਪਿੰਡ ਵਿਚ ਘਰਾਂ ਨੂੰ ਜਿੰਦਰੇ ਲਾ ਕੇ ਜਾਣ ਲੱਗ ਪਏ। ਉਹ ਲਾਇਲਪੁਰ ਜਾਂ ਲਾਹੌਰ ਤੋਂ ਰੇਲ ਗਡੀਆਂ ਰਾਹੀਂ ਪਾਕਿਸਤਾਨ ਦੀ ਐਲਾਨੀ ਹੋਈ ਹੱਦ ਪਾਰ ਕਰ ਗਏ।

ਖੇਤੀ ਵਾਲੇ ਪਰਿਵਾਰਾਂ ਨੂੰ ਚਿੰਤਾ ਸੀ ਕਿ ਆਪਣੇ ਪਸ਼ੂ ਤੇ ਘਰਾਂ 'ਚ ਸੰਭਾਲੀਆਂ ਹੋਈਆਂ ਜਿਨਸਾਂ (ਕਣਕ, ਮੱਕੀ, ਛੋਲੇ, ਗੁੜ, ਕਪਾਹ, ਆਦਿ) ਦਾ ਕੀ ਕਰਨਗੇ। ਪੈਰੀਂ ਤੁਰ ਕੇ ਤੇ ਗੱਡਿਆਂ ਰਾਹੀ 160-170 ਕੋਹ (ਤਕਰੀਬਨ 300 ਕਿਲੋਮੀਟਰ) ਲੰਮਾਂ ਕੱਚਾ-ਪੱਕਾ ਪੈਂਡਾ ਤਹਿ ਕਰਨਾ ਸੀ। ਰਾਹ ਵਿਚ ਫਿਰਕੂ-ਫਸਾਦ ਤੇ ਕਤਲੋ-ਗਾਰਦ ਦੀਆਂ ਖਬਰਾਂ ਲਗਾਤਾਰ ਸੁਣੀਂਦੀਆਂ ਸਨ। ਇਨ੍ਹਾਂ ਨੇ ਲੋਕਾਂ ਦੀ ਨੀਂਦ ਉਡਾ ਦਿੱਤੀ ਸੀ।

## ਭਾਗ 2: '75-ਚੱਕ ਜੇ ਬੀ ਸੋਹਲ' ਤੋਂ ਹਿੰਦੁਸਤਾਨ ਦੀ ਹੱਦ ਤੱਕ ਸਫਰ ਦੀਆਂ ਦਰਦਾਂ ਭਰੀਆਂ ਹੱਡ-ਬੀਤੀਆਂ

ਸਾਡੇ ਪਿੰਡ ਦੇ ਹਿੰਦੂ ਤੇ ਸਿੱਖ ਪਰਿਵਾਰਾਂ ਦੇ ਮੋਹਤਬਰਾਂ ਨੇ ਸਲਾਹ-ਮਸ਼ਵਰਾ ਕਰਕੇ ਗੱਡੇ

ਤਿਆਰ ਕਰਨੇ ਸ਼ੁਰੂ ਕੀਤੇ, ਜਿਹਨਾਂ ਉਪਰ ਖਾਣ ਪੀਣ ਦੀ ਸੁੱਕੀ ਰਸਦ, ਲੀੜਾ-ਲੱਤਾ, ਰਸਤੇ ਵਿਚ ਅੰਨਪਾਣੀ ਬਣਾਉਣ ਲਈ ਕੁਝ ਭਾਂਡੇ, ਬਾਲਣ ਲਈ ਲਕੜੀਆਂ, ਆਦਿ ਬੰਨ੍ਹ ਕੇ ਰੱਖ ਲਏ। ਘਰ ਦਾ ਕੀਮਤੀ ਸਮਾਨ (ਗਹਿਣਾਂ-ਗੱਟਾ, ਨਕਦੀ, ਆਦਿ) ਵੱਖਰਾ ਬੰਨ ਕੇ ਨਾਲ ਲੈ ਕੇ ਜਾਣ ਲਈ ਰੱਖ ਲਿਆ। ਪਸ਼ੂਆਂ ਵਿਚੋਂ ਹਰੇਕ ਪਰਿਵਾਰ ਨੇ ਇਕ ਜਾਂ ਦੋ ਲਵੇਰੀਆਂ ਮੱਝਾਂ, ਘੋੜੀ ਅਤੇ ਬਲਦਾਂ ਦੀਆਂ ਦੋ ਜੋੜੀਆਂ ਨਾਲ ਲੈ ਲਈਆਂ। ਬਾਕੀ ਪਸ਼ੂ ਮੁਸਲਮਾਨ ਪਰਿਵਾਰਾਂ ਨੂੰ ਦੇ ਦਿਤੇ ਜਾਂ ਖੁੱਲੇ ਛੱਡ ਦਿੱਤੇ। ਗਰੀਬ ਤਬਕਾ ਜਾਂ ਹੋਰ ਪਰਿਵਾਰ, ਜਿਹਨਾਂ ਕੋਲ ਆਪਣੇ ਗੱਡੇ ਨਹੀਂ ਸਨ, ਉਨ੍ਹਾਂ ਦਾ ਥੋੜਾ-ਥੋੜਾ ਸਮਾਨ ਦੂਸਰਿਆਂ ਨੇ ਆਪਣੇ ਗੱਡਿਆਂ ਤੇ ਰੱਖਵਾ ਲਿਆ।

ਉਸ ਵੇਲੇ ਸਾਡੇ ਚਾਰ ਬੱਚੇ ਸਨ। ਸਭ ਤੋਂ ਵੱਡੀ ਸਵਰਨੋਂ ਦਾ ਵਿਆਹ ਦੋ ਸਾਲ ਪਹਿਲਾਂ ਕਰ ਦਿਤਾ ਸੀ, ਅਤੇ ਉਹ ਤਰਨਤਾਰਨ ਦੇ ਨੇੜੇ ਆਪਣੇ ਸਹੁਰੇ ਪਿੰਡ ਪਲਾਸੌਰ ਚਲੀ ਗਈ ਸੀ। ਵੱਡਾ ਮੁੰਡਾ ਦਿਆਲ ਕੋਈ 9-10 ਸਾਲ ਦਾ ਸੀ, ਮੁਖਤਾਰ 3-4 ਸਾਲ ਦਾ ਸੀ, ਅਤੇ ਬਲਦੇਵ ਮਸਾਂ 4-5 ਮਹੀਨਿਆਂ ਦਾ ਸੀ।

ਵਿਚੋਂ ਹੀ ਮੈਂ ਬੋਲ ਪਿਆ ਕਿ ਮਾਤਾ ਜੀ ਇਹ ਦੱਸਿਆ ਹੀ ਨਹੀਂ ਕਿ ਤੁਸੀਂ ਆਪਣੇ ਬੱਚਿਆਂ ਦੇ ਨਾਂ ਕਿਵੇਂ ਰਖਦੇ ਸੀ। ਉਨ੍ਹਾਂ ਨੇ ਕਿਹਾ ਕਿ ਦਿਆਲ ਦਾ ਨਾਂ ਤੇਰੀ ਦਾਦੀ ਨੇ ਰੱਖਿਆ ਸੀ, ਕਿ ਵਾਹਿਗੁਰੂ ਸਾਡੇ ਤੇ ਦਿਆਲ ਹੋਇਆ ਹੈ। ਮੁਖਤਾਰ ਦਾ ਨਾਂ ਤੇਰੀ ਭੂਆ ਨੇ ਰੱਖਿਆ ਸੀ। ਫਿਰ ਜਦੋਂ ਦੇਸ਼ ਵੰਡ ਦੇ ਰੌਲੇ ਸ਼ੁਰੂ ਹੋਏ ਤਾਂ ਚੌਥੇ ਬੱਚੇ ਨੇ ਜਨਮ ਲਿਆ। ਅਸੀਂ ਗੁਰੂਦੁਆਰੇ ਦੇ ਭਾਈ ਜੀ ਤੋਂ ਅਰਦਾਸ ਕਰਵਾਈ ਸੀ ਕਿ ਵਾਹਿਗੁਰੂ ਸਾਨੂੰ ਬਲ ਬਖਸ਼ੇ, ਅਸੀਂ ਪਾਕਿਸਤਾਨ ਦੀ ਐਲਾਨੀ ਹੱਦ ਪਾਰ ਕਰਕੇ ਚੜ੍ਹਦੇ ਪੰਜਾਬ ਪਹੁੰਚ ਜਾਈਏ। ਇਸ ਲਈ ਨਵੇਂ ਬੱਚੇ ਦਾ ਨਾਂ ਬਲਦੇਵ ਰੱਖਿਆ ਸੀ।

ਵਿਚੋਂ ਹੀ ਗੁਆਂਢਣ ਨੇ ਪੁਛਿਆ ਕਿ ਬੀਬੀ ਜੀ ਫਿਰ ਤੁਸੀਂ ਅਟਾਰੀ ਕਿਵੇਂ ਪਹੁੰਚੇ। ਮਾਤਾ ਜੀ ਨੇ ਲੰਮਾ ਹਉਕਾ ਲੈਂਦੇ ਹੋਏ ਕਿਹਾ ਕਿ ਭੈਣਾਂ ਉਹ ਕਹਿਰ ਤੇ ਦੁੱਖਾਂ ਭਰਿਆ ਦਰਦਨਾਕ ਸਮਾਂ ਕਿਤੇ ਭੁਲਣਵਾਲਾ ਹੈ। ਉਹ ਭਿਆਨਕ ਦਿਨ ਜਦੋਂ ਅਸੀਂ ਆਪਣੀ ਜਨਮ-ਭੂਮੀ ਤੇ ਕਰਮ-ਭੂਮੀ ਸਦਾ ਲਈ ਛੱਡ ਕੇ ਧੁੰਦਲੇ ਤੇ ਅਣਜਾਣੇ ਭਵਿੱਖ ਦੇ ਰਾਹ ਤੁਰੇ ਸੀ।

ਬਸ ਅਸੀਂ ਆਪਣੇ ਭਰੇ-ਭਰਾਏ ਘਰ ਛੱਡ ਕੇ ਚੱਲ ਪਏ। ਜਨਾਨੀਆਂ, ਬੱਚੇ, ਬਜ਼ੁਰਗ, ਅਤੇ ਬਿਮਾਰ ਜੀਆਂ ਨੂੰ ਗੱਡਿਆਂ ਤੇ ਬਿਠਾ ਕੇ ਪਿੰਡ ਦੇ ਬਾਹਰਲੇ ਪਾਸੇ ਇਕ ਜਗ੍ਹਾ ਇਕੱਠੇ ਹੋ ਗਏ। ਉਥੋਂ ਸਾਰੇ ਹਿੰਦੂ-ਸਿੱਖ ਪਰਿਵਾਰ ਇਕੱਠੇ ਚਲ ਕੇ ਕੋਈ 5-6 ਕੋਹ ਦੂਰ ਹੋਰ ਪਿੰਡਾਂ ਦੇ ਲੋਕਾਂ ਦੇ ਕਾਫਲੇ ਨਾਲ ਜਾ ਰਲੇ। ਉਥੇ ਦੋ ਦਿਨ ਰੁਕੇ। ਲੰਮੇ ਸਫਰ ਵਿਚ ਆਉਣ ਵਾਲੀਆਂ ਮੁਸ਼ਕਲਾਂ, ਲੁਟਾਂ-ਖੋਹਾਂ ਅਤੇ ਮਾਰ-ਧਾੜ ਕਰਨ ਵਾਲਿਆਂ ਤੇ ਫਿਰਕੂ ਫਸਾਦੀਆਂ ਤੋਂ ਆਪਣਾਂ ਬਚਾਅ ਕਰਨ ਲਈ ਸਲਾਹ-ਮਸ਼ਵਰੇ ਕੀਤੇ ਗਏ। ਗੱਡਿਆਂ ਦੇ ਕਾਫਲੇ ਦੇ ਦੋਹਾਂ ਪਾਸਿਆਂ ਤੇ ਆਦਮੀ ਲਾਏ ਗਏ, ਜਿਨ੍ਹਾਂ ਕੋਲ ਤਲਵਾਰਾਂ, ਬਰਛੇ, ਨੇਜੇ, ਡਾਂਗਾਂ, ਆਦਿ ਸਨ। ਜਿਨ੍ਹਾਂ ਕੋਲ ਘੋੜੀਆਂ ਤੇ ਰਫਲਾਂ ਸਨ, ਉਨ੍ਹਾਂ ਨੂੰ ਕਾਫਲੇ ਦੇ ਚਲਦੇ ਸਮੇਂ ਵਿਚ ਸਾਂਝੇ ਸੁਨੇਹੇਂ ਪਹੁੰਚਦੇ ਕਰਨ ਤੇ ਅਗੇ-ਪਿਛੇ ਤਾਲਮੇਲ ਰੱਖਣ ਦੀ ਜੁਮੇਵਾਰੀ ਦਿਤੀ ਗਈ।

ਫਿਰ ਉਥੋਂ ਸਫਰ ਸ਼ੁਰੂ ਕਰਨ ਵਾਲੇ ਦਿਨ ਪਹੁ ਫੁਟਣ ਤੋਂ ਪਹਿਲਾਂ ਰੋਟੀ-ਪਾਣੀ ਕਰਕੇ ਖਾ ਲਿਆ ਤੇ ਦੁਪਹਿਰ ਲਈ ਨਾਲ ਬੰਨ੍ਹ ਲਿਆ। 'ਬੋਲੇ ਸੋ ਨਿਹਾਲ' ਦਾ ਜੈਕਾਰਾ ਲਾ ਕੇ ਕਾਫਲਾ ਚਲ ਪਿਆ। ਰਸਤੇ ਵਿਚ ਖੂਹਾਂ ਕੋਲ ਇਕ ਦੋ ਵਾਰੀਂ ਰੁਕਦਿਆ ਹੋਇਆ ਕਾਫਲੇ ਨੇ ਸ਼ਾਮਾਂ ਨੂੰ ਕਿਸੇ ਖੁਲੀ ਜਗ੍ਹਾ ਖੂਹ ਕੋਲ ਡੇਰਾ ਲਾ ਦਿਤਾ। ਜਨਾਨੀਆਂ ਨੇ ਰੋਟੀ ਪਾਣੀ ਬਣਾਂ ਲਿਆ ਅਤੇ ਬੰਦਿਆਂ ਨੇ ਆਸ ਪਾਸ ਦੇ ਖੇਤਾਂ ਵਾਲਿਆਂ ਤੋਂ ਪੱਠੇ, ਤੂੜੀ, ਘਾਹ, ਆਦਿ ਲੈ ਕੇ ਪਸ਼ੂਆਂ ਨੂੰ ਪਾ

ਦਿਤੇ। ਮੱਝਾਂ ਦਾ ਦੁਧ ਚੋ ਕੇ ਬੱਚਿਆਂ, ਬਜੁਰਗਾਂ ਤੇ ਬਿਮਾਰ ਜੀਆਂ ਨੂੰ ਵੰਡ ਦਿਤਾ।

ਇਸ ਤਰਾਂ ਰੋਜਾਨਾ ਚਲਦਿਆਂ ਰਸਤੇ ਵਿਚ ਹੋਰ ਪਿੰਡਾਂ ਦੇ ਲੋਕ ਰਲਦੇ ਗਏ ਅਤੇ ਸਾਡਾ ਕਾਫਲਾ ਮੀਲਾਂ ਲੰਮਾ ਹੋ ਗਿਆ। ਇਕ ਦਿਨ ਵਿਚ ਮਸਾਂ 7-8 ਕੋਹ ਦਾ ਪੈਂਡਾ ਹੁੰਦਾ ਸੀ। ਕਈ ਕਾਰਨਾਂ ਕਰਕੇ, ਕਈ ਵਾਰ ਕਾਫਲਾ ਇਕੋ ਥਾਂ ਤੇ ਹੀ ਇਕ-ਦੋ ਦਿਨ ਟਿਕਿਆ ਰਹਿੰਦਾ ਸੀ।

ਰਸਤੇ ਵਿਚ ਖਬਰਾਂ ਅਉਂਦੀਆਂ ਰਹਿੰਦੀਆਂ ਕਿ ਕਿਤੇ ਨਾ ਕਿਤੇ ਕਾਫਲਿਆਂ ਨੂੰ ਲੁੱਟ ਲਿਆ ਗਿਆ ਜਾਂ ਕਤਲੋ-ਗਾਰਦ ਹੋਇਆ। ਸਾਡੇ ਕਾਫਲੇ ਨਾਲ ਕੋਈ ਐਸੀ ਘਟਨਾ ਨਹੀਂ ਵਾਪਰੀ। ਪਰ ਹਾਂ ਕਈ ਬੱਚੇ, ਬਜੁਰਗ, ਅਤੇ ਕੁਝ ਹੋਰ ਆਦਮੀ ਤੇ ਜਨਾਨੀਆਂ ਬਿਮਾਰ ਹੋ ਕੇ ਦਮ ਤੋੜ ਗਏ। ਉਹ ਸਮਾਂ ਇਨਾਂ ਅਭਾਗਾ ਸੀ ਕਿ ਮੋਇਆਂ ਦੀ ਮਿੱਟੀ ਰੁਲ ਗਈ। ਸਸਕਾਰ ਦਾ ਪ੍ਰਬੰਧ ਨਾ ਹੋਣ ਕਰਕੇ ਉਨ੍ਹਾਂ ਦੀ ਦੇਹ ਨੂੰ ਰਸਤੇ ਦੇ ਨਾਲ ਰੱਖ ਕੇ ਉਪਰ ਕਪੜਾ ਪਾ ਕੇ ਕਾਫਲਾ ਅਗੇ ਚੱਲ ਪੈਂਦਾ।

ਲੋਕਾਂ ਦੇ ਕਪੜੇ ਲੀਰੋ-ਲੀਰ ਹੋ ਗਏ, ਜੁਤੀਆਂ ਟੁੱਟ ਗਈਆਂ, ਪੈਰਾਂ ਦੀਆਂ ਵਿਆਈਆਂ ਫੁੱਟ ਗਈਆਂ, ਮਿੱਟੀ ਘੱਟੇ ਕਾਰਨ ਸਿਰ ਦੇ ਵਾਲਾਂ ਵਿਚ ਜੂਆਂ ਪੈ ਗਈਆਂ। ਬੱਚੇ ਰੋਂਦੇ ਤੇ ਕੁਰਲਾਉਂਦੇ ਰਹਿੰਦੇ। ਬਸ ਪੁਛੋ ਨਾ ਕਿ ਕੀ ਨਹੀਂ ਹੋਇਆ। ਸਾਡਾ 3-4 ਸਾਲ ਦਾ ਮੁਖਤਾਰ ਜੋ ਘਰ ਰੋਜ ਚੂਰੀ ਖਾਣ ਗਿਝਾਂ ਹੋਇਆ ਸੀ, ਉਹ ਉਚੀ-ਉਚੀ ਰੋਂਦਾ ਤੇ ਜਿਦ ਕਰਦਾ ਕਿ ਮੈਂਨੂੰ ਚੂਰੀ ਕੁੱਟ ਕੇ ਦੇ। ਜਦ ਮੈਂ ਕਹਿੰਦੀ ਮੇਰੇ ਕੋਲ ਨ ਘਿਓ ਨ ਗੁੜ ਹੈ, ਦਸ ਮੈਂ ਤੈਨੂੰ ਕਾਹਦੀ ਚੂਰੀ ਕੁਟ ਕੇ ਦਿਆਂ। ਉਹ ਚੀਕਾਂ ਮਾਰ ਮਾਰ ਕਹਿੰਦਾ ਮੈਨੂੰ ਮਿੱਟੀ-ਘੱਟੇ ਦੀ ਚੂਰੀ ਕੁਟ ਦੇ। ਮੈਂ ਉਸਦੀ ਇਹ ਹਾਲਤ ਵੇਖ ਕੇ ਬੜੀ ਪਰੇਸ਼ਾਨ ਹੁੰਦੀ ਤੇ ਰੋਂਦੀ ਕਿ ਰੱਬਾ ਅਸੀਂ ਆਹ ਦਿਨ ਵੀ ਵੇਖਣੇਂ ਸੀ।

ਮੈਂ ਉਠ ਕੇ ਮਾਤਾ ਜੀ ਨੂੰ ਫਿਰ ਪਾਣੀ ਪਿਆਇਆ। ਉਨ੍ਹਾਂ ਦੀਆਂ ਹੱਡੀਂ-ਬੀਤੀਆਂ ਸੁਣ ਕੇ ਅਸੀਂ ਵੀ ਭਾਵੁਕ ਹੋ ਗਏ ਸੀ। ਪਰ ਪੂਰੀ ਦਾਸਤਾਨ ਸੁਣਨ ਦੀ ਤਾਂਗ ਹੋਰ ਵੱਧ ਗਈ ਸੀ।

ਮਾਤਾ ਜੀ ਨੇ ਦਾਸਤਾਨ ਅਗੇ ਤੋਰੀ। ਲੰਮੇ ਸਫਰ ਵਿਚ ਜਦ ਕਿਸੇ ਨ ਕਿਸੇ ਦਾ ਬਲਦ ਥੱਕ ਟੁੱਟ ਕੇ ਬਿਮਾਰ ਹੋ ਜਾਂਦਾ ਜਾਂ ਮਰ ਜਾਂਦਾ, ਜਾਂ ਗੱਡੇ ਦਾ ਪਹੀਆ ਟੁਟ ਜਾਂਦਾ, ਤਾਂ ਉਸਦਾ ਗੱਡਾ ਉਥੇ ਹੀ ਛੱਡ ਕੇ ਕੁਝ ਸਮਾਨ ਦੂਸਰਿਆਂ ਗੱਡਿਆਂ ਉਪਰ ਰੱਖ ਲਿਆ ਜਾਂਦਾ ਤੇ ਬਾਕੀ ਸਮਾਨ ਉਥੇ ਹੀ ਛੱਡ ਦਿਤਾ ਜਾਂਦਾ। ਇਸ ਤਰਾਂ ਕਰਦੇ ਕਰਦੇ ਹੋਰ ਬਲਦ ਮਰਦੇ ਗਏ ਤੇ ਗੱਡੇ ਟੁਟਦੇ ਗਏ, ਜਿਸ ਕਾਰਨ ਬਾਕੀ ਗੱਡਿਆਂ ਤੇ ਭਾਰ ਵਧਦਾ ਗਿਆ।

ਰੋਜਾਨਾ ਸਫਰ ਦੀ ਮਾਰ ਅਤੇ ਭੁੱਖ ਕਾਰਨ ਮੱਝਾਂ ਦਾ ਦੁੱਧ ਘਟਦਾ ਗਿਆ ਅਤੇ ਆਖਰ ਨੂੰ ਸੁਕ ਗਿਆ। ਬਸ ਇਸ ਤਰ੍ਹਾਂ ਅੱਧ ਤੋਂ ਜਿਆਦਾ ਮੱਝਾਂ, ਬਲਦ, ਗੱਡੇ ਤੇ ਸਮਾਨ ਰਸਤੇ ਵਿਚ ਹੀ ਰਹਿ ਗਏ। ਸਾਡੇ ਵੀ ਦੋ ਬਲਦ ਰਸਤੇ ਵਿਚ ਭੁਖੇ-ਭਾਣੇ ਮਰ ਗਏ ਤੇ ਦੁੱਧ ਸੁਕਣ ਬਾਅਦ, ਪਠਿੱਆਂ ਦਾ ਇੰਤਜਾਮ ਨਾ-ਹੋਣ ਕਰਕੇ, ਦੋਵੇਂ ਮੱਝਾਂ ਰਸਤੇ ਵਿਚ ਹੀ ਛੱਡ ਦਿਤੀਆਂ ਸਨ। ਬੱਸ ਇਕ ਗੱਡਾ, ਦੋ ਬਲਦ ਅਤੇ ਇਕ ਘੋੜੀ ਰਹਿ ਗਏ ਸੀ।

## ਭਾਗ 3: ਹਿੰਦੁਸਤਾਨ ਪਹੁੰਚਣ ਤੋਂ ਬਾਅਦ ਦਰਦਾਂ ਭਰੀਆਂ ਹੱਡ-ਬੀਤੀਆਂ

ਮਾਤਾ ਜੀ ਕਹਿੰਦੇ ਕਿ ਜਦੋਂ ਮਹੀਨੇ ਕੁ ਬਾਅਦ ਅਸੀਂ ਹਿੰਦੁਸਤਾਨ ਦੇ ਚੜ੍ਹਦੇ ਪੰਜਾਬ ਦੀ ਹੱਦ ਵਿਚ ਪਹੁੰਚੇ ਤਾਂ ਸਾਰਿਆਂ ਨੇ ਜੈਕਾਰੇ ਲਾ ਕੇ ਕੁਝ ਸੁਖ ਦਾ ਸਾਹ ਲਿਆ। ਉਥੇ ਇਕ-ਦੋ ਦਿਨ ਟਿਕ ਕੇ ਲੋਕਾਂ ਨੇ ਆਪਣੇ-ਆਪਣੇ ਅਗਲੇ ਟਿਕਾਣੇ ਬਾਰੇ ਸੋਚਿਆ। ਕਈ ਪਰਿਵਾਰ ਆਪਣੇ ਪੁਰਾਣੇ ਪਿੰਡ, ਜਿਥੋਂ ਉਨ੍ਹਾਂ ਦੇ ਪੁਰਖੇ ਬਾਰ ਵਿਚ ਗਏ ਹੋਣਗੇ, ਕਈ ਆਪਣੇ ਨਜਦੀਕੀ ਰਿਸ਼ਤੇਦਾਰਾਂ ਕੋਲ ਅਤੇ ਕਈ ਪਿੰਡ ਦੇ ਦੂਸਰੇ

ਪਰਿਵਾਰਾਂ ਦਾ ਆਸਰਾ ਲੈਂਦੇ ਹੋਏ ਰਵਾਨਾ ਹੋ ਗਏ।

ਵਿਚ ਹੀ ਖਜਾਨ ਬੋਲ ਪਿਆ ਕਿ ਤੁਸੀਂ ਕਿੱਥੇ ਗਏ। ਮਾਤਾ ਜੀ ਕਹਿੰਦੀ ਕਿ ਤੇਰੇ ਤਾਇਆ ਜੀ ਦੇ ਤਿੰਨ ਪੁਤਰਾਂ ਦੇ ਪਰਿਵਾਰਾਂ ਸਮੇਤ ਅਸੀਂ 15 ਜੀਅ ਤਰਨਤਾਰਨ ਦੇ ਨੇੜੇ ਤੇਰੀ ਭੂਆ ਦੇ ਪਿੰਡ ਜੰਡੋਕੇ-ਸਰਹਾਲੀ ਚਲੇ ਗਏ ਸੀ। ਉਥੇ 3-4 ਮਹੀਨੇ ਕੱਟੇ। ਫਿਰ ਅਸੀਂ ਆਪਣੇਂ ਪੁਰਖਿਆਂ ਦੇ ਪਿੰਡ ਸੋਹਲ (ਤਰਨਤਾਰਨ ਜਿਲ੍ਹੇ ਵਿਚ ਝਬਾਲ ਦੇ ਨੇੜੇ ਸਥਿਤ) ਚਲੇ ਗਏ। ਉਥੇ ਸਾਡੇ ਸ਼ਰੀਕੇ ਦੇ ਕੁਝ ਪਰਿਵਾਰ ਰਹਿੰਦੇ ਸੀ। ਸਿਆਲ ਦਾ ਮੌਸਮ ਸ਼ੁਰੂ ਹੋ ਗਿਆ। ਪਰ ਕਿਸੇ ਵੀ ਰਿਸ਼ਤੇਦਾਰ ਕੋਲ ਸਾਡੇ ਸਾਰਿਆਂ ਦੇ ਰਹਿਣ ਦਾ ਤੇ ਸਾਡੇ ਪਸ਼ੂਆਂ ਲਈ ਪੱਠਿਆਂ ਦਾ ਇੰਤਜਾਮ ਅਤੇ ਸਰਦੀ ਵਿਚ ਅੰਦਰ ਬੰਨਣ ਲਈ ਕੋਠਾ ਨਹੀਂ ਸੀ। ਪੈਸਾ-ਧੇਲਾ ਵੀ ਖਤਮ ਹੋ ਗਿਆ ਸੀ। ਗਲ ਪਾਉਣ ਲਈ ਕਪੜੇ ਲੈਣੇਂ ਵੀ ਮੁਸ਼ਕਲ ਹੋ ਗਏ ਸੀ। ਬੱਸ ਸਮਝੋ ਕਿ ਅਸੀ ਅਰਸ਼ ਤੋਂ ਫਰਸ਼ ਤੇ ਡਿੱਗ ਪਏ ਸੀ ।

ਇਸ ਤਰਾਂ ਤਕਰੀਬਨ ਇਕ ਸਾਲ ਬੀਤ ਗਿਆ ਸੀ। ਸਾਡੇ ਵਾਂਗ ਪਾਕਿਸਤਾਨ ਤੋਂ ਉਜੱੜ ਕੇ ਆਏ ਲੱਖਾਂ ਲੋਕਾਂ ਨੇ ਦਰ-ਦਰ ਠੋਕਰਾਂ ਖਾਧੀਆਂ। ਲੰਮਾਂ ਸਮਾਂ ਰੱਖਣ ਤੋਂ ਸੱਭ ਰਿਸ਼ਤੇਦਾਰ ਕੰਨੀ ਵੱਟ ਗਏ ਸੀ। ਸਰਕਾਰੀ ਨਿਯਾਂਮ ਵੀ ਨਾਂਹ ਹੀ ਵਰਗਾ ਸੀ। ਉਜੜਕੇ ਆਏ ਲੋਕ ਰੱਬ-ਆਸਰੇ ਛੱਡ ਦਿਤੇ ਗਏ ਸੀ। ਉਹ ਖੁਦ ਤਾਂ ਇਨ੍ਹਾਂ ਮੁਸੀਬਤਾਂ ਨਾਲ ਜੂਝ ਰਹੇ ਸੀ, ਤੇ ਉਨ੍ਹਾਂ ਦਾ ਸੰਤਾਪ ਹੋਰ ਵੀ ਵੱਧ ਜਾਂਦਾ ਸੀ ਜਦੋਂ ਚੜ੍ਹਦੇ ਪੰਜਾਬ ਦੇ ਵਸਨੀਕ ਉਨ੍ਹਾਂ ਨੂੰ ਪਨਾਹਗੀਰ, ਸ਼ਰਨਾਰਥੀ ਜਾਂ ਰਫਿਊਜੀ ਕਹਿੰਦੇ ਸਨ।

ਇਹ ਲੰਬੀ ਹੱਡ-ਬੀਤੀ ਸੁਣਾਉਂਦੀ ਮਾਤਾ ਜੀ ਜਿਵੇਂ ਹੰਭ ਗਈ ਸੀ ਤੇ ਉਸਦੀਆਂ ਅੱਖਾਂ ਵਿਚੋਂ ਆਪ-ਮੁਹਾਰੇ ਅਥਰੂ ਵਹਿ ਰਹੇ ਸੀ। ਪੱਲੇ ਨਾਲ ਅਥਰੂ ਪੂੰਝ ਕੇ ਆਪਣੀਆਂ ਹੱਡ-ਬੀਤੀਆਂ ਯਾਦਾਂ ਵਿਚ ਫਿਰ ਵਹਿ ਤੁਰੀ।

ਫਿਰ ਕੁਝ ਠੰਡ-ਠੰਡਾਉਲਾ ਹੋਇਆ ਤਾਂ ਪਤਾ ਲੱਗਾ ਕਿ ਸਰਕਾਰ ਵਲੋਂ ਜਲੰਧਰ ਵਿਚ ਮੁੜ-ਵਸਾਊ ਮਹਿਕਮੇ ਦਾ ਦਫਤਰ ਖੋਲਿਆ ਗਿਆ ਹੈ। ਉਥੇ ਚੜ੍ਹਦੇ ਪੰਜਾਬ ਵਿਚੋਂ ਪਾਕਿਸਤਾਨ ਚਲੇ ਗਏ ਮੁਸਲਮਾਨਾਂ ਵਲੋਂ ਖਾਲੀ ਕੀਤੀਆਂ ਜਾਇਦਾਦਾਂ ਦਾ ਵੇਰਵਾ ਇਕੱਠਾ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਉਜੜਕੇ ਆਏ ਸਿੱਖ ਤੇ ਹਿੰਦੂ ਪਰਿਵਾਰਾਂ ਵਲੋਂ ਪਾਕਿਸਤਾਨ ਵਿਚ ਛੱਡੀਆਂ ਗਈਆਂ ਜਮੀਨ-ਜਾਇਦਾਦਾਂ ਦਾ ਵੇਰਵਾ ਵੀ ਮੰਗਵਾਇਆ ਗਿਆ ਹੈ। ਪਿੰਡਾਂ ਵਿਚ ਆ ਕੇ ਪਟਵਾਰੀਆਂ ਰਾਹੀਂ ਪਨਾਹਗੀਰਾਂ ਕੋਲੋਂ ਉਨ੍ਹਾਂ ਵਲੋਂ ਛੱਡ ਕੇ ਆਏ ਪਿੰਡਾ ਦਾ ਪਤਾ, ਜਮੀਨ, ਮਕਾਨ, ਆਦਿ ਦੇ ਵੇਰਵੇ ਦਰਖਾਸਤਾਂ ਰਾਹੀ ਲੈਣਗੇ।

ਉਸ ਤੋਂ ਕੁਝ ਦੇਰ ਬਾਅਦ ਸਹਿਜੇ-ਸਹਿਜੇ ਖਬਰਾਂ ਆਉਣ ਲੱਗੀਆਂ ਕਿ ਉਜੱੜ ਕੇ ਆਏ ਲੋਕਾਂ ਨੂੰ ਜਮੀਨਾਂ ਦੀ ਅਲਾਟਮੈਂਟ ਸ਼ੁਰੂ ਹੋ ਗਈ ਹੈ। ਤੁਹਾਡਾ ਬਾਪੂ ਜੀ ਕਦੀ-ਕਦੀ ਪਟਵਾਰੀ ਕੋਲ ਜਾ ਕੇ ਪਤਾ ਕਰਦਾ ਰਹਿੰਦਾ ਸੀ। ਫਿਰ ਇਕ ਦਿਨ ਪਟਵਾਰੀ ਨੇ ਦਸਿਆ ਕਿ '75 ਚੱਕ ਸੋਹਲ' ਤੋਂ ਉਜੜਕੇ ਆਏ ਲੋਕਾਂ ਨੂੰ ਅਲੱਗ-ਅਲੱਗ ਕਈ ਪਿੰਡਾਂ ਵਿਚ ਜਮੀਨ ਅਲਾਟ ਹੋ ਗਈ ਹੈ। ਸਾਡੇ ਸਮੇਤ ਕੁਝ ਹੋਰ ਪਰਿਵਾਰਾਂ ਨੂੰ ਜਲੰਧਰ ਜਿਲ੍ਹੇ ਦੀ ਨਕੋਦਰ ਤਹਿਸੀਲ ਵਿਚ ਪੈਂਦੇ ਮਲਸੀਆਂ-ਸ਼ਾਹਕੋਟ ਪਿੰਡਾਂ ਵਿਚ ਜਮੀਨ ਅਲਾਟ ਹੋਈ ਹੈ। ਤੁਹਾਡੇ ਬਾਪੂ ਜੀ ਉਥੇ ਗਏ ਤਾਂ ਪਤਾ ਲੱਗਾ ਕਿ ਉਥੇ ਖੇਤੀ ਲਈ ਨਹਿਰੀ ਪਾਣੀ ਦਾ ਪ੍ਰਬੰਧ ਨਹੀਂ ਸੀ, ਤੇ ਲੋਕ ਖੂਹਾਂ ਦੇ ਪਾਣੀ ਨਾਲ ਖੇਤੀ ਕਰਦੇ ਸੀ, ਜੋ ਬਹੁਤ ਜੋਖਮ ਦਾ ਧੰਦਾ ਸੀ। ਉਨ੍ਹਾਂ ਵੇਲਿਆਂ ਵਿਚ ਬਿਜਲੀ ਵਾਲੀਆਂ ਬੰਬੀਆਂ-ਮੋਟਰਾਂ ਦਾ ਨਾਂ-ਨਿਸ਼ਾਨ ਹੀ ਨਹੀਂ ਸੀ।

ਫਿਰ ਪਤਾ ਲਗਿਆ ਕਿ ਮੁੜ-ਵਸਾਊ ਮਹਿਕਮੇ ਦਾ ਵੱਡਾ ਅਫਸਰ, ਜਿਸਨੂੰ ਰੰਧਾਵਾ ਸਾਹਿਬ ਕਹਿੰਦੇ ਸੀ (ਪੰਜਾਬ ਦੇ ਮੁੜ ਵਸਾਊ ਡਾਇਰੈਰਕਟੋਰੇਟ ਦਾ ਡਾਇਰੈਕਟਰ-ਜਨਰਲ, ਡਾ. ਮਹਿੰਦਰ ਸਿੰਘ ਰੰਧਾਵਾ), ਉਹ ਉਜੱੜ ਕੇ

ਆਏ ਲੋਕਾਂ ਦੀਆਂ ਮੁਸ਼ਕਲਾਂ ਹਰ ਰੋਜ ਆਪ ਸੁਣਦਾ ਹੈ। ਤਾਂ ਤੁਹਾਡੇ ਬਾਪੂ ਜੀ ਤੇ ਨਾਲ ਹੋਰ ਲੋਕ ਜਲੰਧਰ ਉਸ ਕੋਲ ਪੇਸ਼ ਹੋਏ ਤੇ ਫਰਿਆਦ ਕੀਤੀ ਕਿ ਸਾਨੂੰ ਅੰਮ੍ਰਿਤਸਰ ਜਿਲ੍ਹੇ ਵਿਚ ਨਹਿਰੀ ਜਮੀਨ ਅਲਾਟ ਕਰ ਦਿਓ। ਰੰਧਾਵਾ ਸਾਹਿਬ ਨੇ ਫਾਈਲ ਵੇਖੀ ਅਤੇ ਕਿਹਾ 'ਸਰਦਾਰਾ ਅਟਾਰੀ ਜਾਂ ਖੇਮਕਰਨ ਦੇ ਇਲਾਕੇ ਵਿਚ ਬਹੁਤ ਵਧੀਆ ਨਹਿਰੀ ਜਮੀਨ ਹੈ, ਕੀ ਤੁਸੀਂ ਬਾਰਡਰ ਦੇ ਕੋਲ ਜਮੀਨ ਲੈਣੀ ਆ'। ਅਗੋਂ ਤੁਹਾਡੇ ਬਾਪੂ ਜੀ ਨੇ ਹਾਂ ਕਰ ਦਿੱਤੀ। ਤਾਂ ਸਾਨੂੰ 1950 ਵਿਚ ਜਮੀਨ 'ਅਟਾਰੀ ਸ਼ਾਮ ਸਿੰਘ' ਅਲਾਟ ਹੋ ਗਈ, ਜਿਸਦਾ ਕਟੌਤੀ ਕਰਕੇ '75 ਚੱਕ ਸੋਹਲ' ਵਿਚ ਛੱਡ ਕੇ ਆਈ ਜਮੀਨ ਨਾਲੋਂ ਅੱਧਾ ਰਕਬਾ ਸੀ। ਅਸੀ ਤੁਹਾਡੇ ਤਾਇਆ ਜੀ ਦੇ ਤਿੰਨਾਂ ਪਰਿਵਾਰਾਂ ਸਮੇਤ ਇਥੇ ਆ ਗਏ। ਜਮੀਨ ਦੇ ਰਕਬੇ ਮੁਤਾਬਿਕ ਸਾਨੂੰ ਮੁਸਲਮਾਨਾਂ ਵਲੋਂ ਖਾਲੀ ਕੀਤੇ ਪੱਕੇ ਮਕਾਨ ਵੀ ਅਲਾਟ ਹੋ ਗਏ। ਕੁਝ ਦਿਨ ਬਾਅਦ ਤੁਹਾਡਾ ਮਾਮਾ ਇਕ ਲਵੇਰੀ ਮੱਝ ਦੇ ਗਿਆ, ਜਿਸ ਨਾਲ ਤਕਰੀਬਨ ਤਿੰਨ ਸਾਲਾਂ ਬਾਅਦ ਬਚਿਆਂ ਨੇ ਦੁੱਧ-ਦਹੀਂ ਤੇ ਮੱਖਣ-ਘਿਓ ਦਾ ਮੂੰਹ ਵੇਖਿਆ।

ਮਾਤਾ ਜੀ ਮੇਰੇ ਵਲ ਹੱਥ ਕਰਕੇ ਕਹਿੰਦੇ ਕਿ ਅਟਾਰੀ ਮਿਲਖ ਮਿਲਣ ਦੇ ਦਿਨਾਂ ਵਿਚ ਹੀ ਤੂੰ ਜੰਮਿਆਂ ਸੀ, ਤੇ ਅਸੀਂ ਤੇਰਾ ਨਾਂ ਮਿਲਖਾ ਰਖਿਆ।

ਵਾਹਿਗੁਰੂ ਵਲੋਂ ਬਖਸ਼ਿਆ ਸਿਦਕ ਤੇ ਸਿਰੜ ਨਾਲ ਐਨੀਆਂ ਮੁਸੀਬਤਾਂ ਝੱਲਦੇ ਹੋਏ ਫਿਰ ਨਵੇਂ ਸਿਰੇ ਤੋਂ ਜਿੰਦਗੀ ਸ਼ੁਰੂ ਕੀਤੀ। ਦੋ-ਤਿੰਨ ਸਾਲ ਅਸੀਂ ਸਿਰ-ਤੋੜ ਮਿਹਨਤ-ਮੁਸ਼ੱਕਤ ਕੀਤੀ। ਮੈਂ ਹੱਥ ਨਾਲ ਚੱਲਣ ਵਾਲੀ ਚੱਕੀ ਵਿਚ ਆਂਢੀਆਂ-ਗੁਆਂਢੀਆਂ ਦਾ ਆਟਾ ਪੀਸਿਆ, ਉੱਖਲੀ ਵਿਚ ਦਾਣੇ-ਦਾਲਾਂ ਛੱੜੀਆਂ ਤੇ ਉਹਨਾਂ ਦੇ ਖੇਤਾ ਵਿਚੋ ਕਪਾਹ-ਨਰਮਾ ਚੁਣਿਆ। ਜਮੀਨ ਵਿਚ ਪਸ਼ੂਆਂ ਲਈ ਪੱਠੇ ਤੇ ਫਸਲਾਂ ਬੀਜਣੀਆਂ ਸ਼ੁਰੂ ਕਰ ਦਿਤੀਆਂ। ਤੁਹਾਡੇ ਬਾਪੂ ਜੀ ਨੇ ਬੀਜ ਆਦਿ ਦੇ ਲਈ ਪੈਸੇ ਕਮਾਉਣ ਲਈ ਲੋਕਾਂ ਦੇ ਖੇਤਾਂ ਵਿਚ ਆਪਣਿਆਂ ਬਲਦਾਂ ਨਾਲ ਹਲ ਵਾਹੇ, ਵਾਢੀਆਂ ਕੀਤੀਆਂ ਅਤੇ ਗੱਡਾ ਚਲਾਇਆ। ਅਸਾਂ ਕੀ-ਕੀ ਪਾਪੜ ਨਹੀਂ ਵੇਲੇ । ਇਸ ਤਰਾਂ ਤਿੰਨ ਕੁ ਸਾਲਾਂ ਵਿਚ ਅਸੀਂ ਆਪਣੇ ਪੈਰਾਂ ਤੇ ਖੜੇ ਹੋ ਗਏ ਤੇ ਘਰ ਵਿਚ ਚਾਰ ਪੈਸੇ ਵੀ ਆਉਣ ਲੱਗੇ। ਤੱਦ ਇਹ ਛੋਟਾ ਮੁੰਡਾ ਹੋਇਆ, ਜਿਸਦਾ ਨਾਂ ਖਜਾਨਾ ਰੱਖਿਆ।

ਅਸੀਂ ਦੋਵੇਂ ਭਰਾ ਉੱਚੀ ਅਵਾਜ ਵਿਚ ਬੋਲੇ, 'ਅੱਛਾ ਹੁਣ ਸਮਝ ਆਈ ਕਿ ਤੁਸੀਂ ਆਪਣੇ ਬੱਚਿਆਂ ਦੇ ਨਾਂ ਕਿਵੇਂ ਰੱਖੇ ਸੀ'।

ਵਿਚੋਂ ਦੂਸਰੀ ਗੁਆਂਢਣ ਬੋਲੀ ਕਿ ਬੀਬੀ ਜੀ ਹੁਣ ਕਿਉਂ ਮਨ ਹੌਲਾ ਕਰਦੀ ਆਂ, ਹੁਣ ਤਾਂ ਇਥੇ ਅਟਾਰੀ ਪਿੰਡ ਵਿਚ ਤੁਹਾਡੀ ਸਰਦਾਰੀ ਹੈ ਤੇ ਇਨ੍ਹਾਂ ਬਚਿਆਂ ਦੇ ਬਾਪੂ ਜੀ ਇਥੇ ਵੀ ਨੰਬਰਦਾਰ ਹੈ। ਮਾਤਾ ਜੀ ਕਹਿੰਦੀ ਜਿੰਦਗੀ ਵਿਚ ਇਸ ਤਰਾਂ ਹੰਢਾਈਆਂ ਆਫਤਾਂ ਅਤੇ ਘਾਲੀਆਂ ਮੁਸੀਬਤਾ ਕਿਤੇ ਭੁਲਦੀਆਂ ਨੇ। ਫਿਰ ਇੱਥੇ ਹੁਣ ਹੱਦਾਂ ਤੇ ਮਿਲਟਰੀ ਆ ਗਈ ਹੈ। ਵਾਹਿਗੁਰੂ ਖੈਰ ਕਰੇ ਕਿਤੇ 47 ਦੇ ਝੰਬੇ ਹੁਣ ਫਿਰ ਨਾ ਪਾਕਿਸਤਾਨ ਨਾਲ ਲੜਾਈ ਵਿਚ ਘਰੋਂ ਬੇਘਰ ਹੋ ਜਾਈਏ*। ਨਾਲੇ ਆਹ ਕੱਲ ਦੇ ਜੰਮੇਂ ਜਦੋਂ 'ਅਜਾਦੀ' ਦੀਆਂ ਗੱਲਾਂ ਕਰਦੇ ਨੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਪੰਜਾਬੀ ਕਿਹੋ ਜਹੇ ਲੋਕ ਹਨ ਜੋ ਆਪਣੇ ਬਗੈਰ ਕਸੂਰ ਦੇ ਵੱਡੇ ਪੱਧਰ ਤੇ ਹੋਏ ਉਜਾੜੇ ਅਤੇ ਕਤਲੇਆਮ ਦੀਆਂ ਦੁੱਖ ਭਰੀਆਂ ਘਟਨਾਵਾਂ ਨੂੰ ਸਹਿਣ ਕਰਕੇ ਅਤੇ ਹੰਢਾ ਕੇ 'ਅਜਾਦੀ' ਦੇ ਜਸ਼ਨ ਮਨਾਉਂਦੇ ਹਨ।

**ਨੋਟ:- ਉਸ ਤੋਂ ਬਾਅਦ 5 ਅਗਸਤ ਤੋਂ 23 ਸਤੰਬਰ 1965 ਅਤੇ 3 ਤੋਂ 16 ਦਸੰਬਰ 1971 ਵਿਚ ਭਾਰਤ-ਪਾਕਿਸਤਾਨ ਦੀਆਂ ਦੋ ਲੜਾਈਆਂ ਕਾਰਨ ਸਾਡੇ ਪਰਿਵਾਰ ਨੂੰ ਅਟਾਰੀ ਪਿੰਡ ਛੱਡ ਕੇ ਪਿਛੇ ਆਉਣਾਂ ਪਿਆ ਤੇ ਫਿਰ ਮੁਸੀਬਤਾਂ ਝਲਣੀਆਂ ਪਈਆਂ ਸੀ।*

**ਧੰਨਵਾਦ**: ਇਹ 60 ਸਾਲ ਪਹਿਲਾਂ ਸੁਣੀਆਂ ਹੱਡ-ਬੀਤੀਆਂ ਨੂੰ ਲਿਖਤੀ ਰੂਪ ਦੇਣ ਲਈ ਅਥਾਹ ਉਤਸ਼ਾਹ ਤੇ ਲੇਖ ਪੂਰਾ ਕਰਨ ਲਈ ਮੈ

ਡਾ. ਕਾਬਲ ਸਿੰਘ ਗਿਲ ਦਾ ਤਹਿਦਿਲੋਂ ਧੰਨਵਾਦੀ ਹਾ। ਲੇਖ ਲਿੱਖਣ ਦੁਰਾਨ ਤਾਜ਼ਾ ਹੋਏ ਦੁਖਾਨ ਕਾਰਨ ਮੇਰੇ ਉਦਾਸੇ ਮਨ ਨੂੰ ਹੌਸਲਾ ਦੇਣ ਤੇ ਵਿਆਕਰਣ ਚੈਕ ਕਰਕੇ ਮੁੜਕੇ ਲੇਖ ਲਿੱਖਣ ਲਈ ਸਰਦਾਰਨੀ ਅਮਰਜੀਤ ਕੌਰ ਔਲਖ ਦਾ ਬਹੁਤ ਧੰਨਵਾਦ।

# ਅਸੀਂ ਕਿਉ ਕਹਿੰਦੇ ਹਾਂ, "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ": ਭਾਗ 2

ਡਾ: ਸਰਬਜੀਤ ਸਿੰਘ (ਮੁੰਬਈ, ਭਾਰਤ)

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਸਿਰਫ ਸਰੀਰ ਹੀ ਬਦਲਦੇ ਰਹੇ ਹਨ। ਜੋਤਿ {ਨਾਨਕੁ} ਉਹੀ ਰਹੀ ਹੈ। ਹੁਣ ਇਹ ਜੋਤਿ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਸਦਾ ਲਈ ਕਾਇਮ ਹੈ।

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ {੯੬੬-੯੬੭}**

ਇਸ ਲਈ ਵਾਹਿਗੁਰੂ ਸਬਦ ਦਾ ਸਬੰਧ, ਕਿਸੇ ਵੀ ਸਰੀਰ ਨਾਲ ਨਹੀਂ ਹੈ। ਆਤਮਾ ਅਤੇ ਮਨ ਦੀ ਅਵਸਥਾ ਜਾ ਕਿਰਿਆ ਨਾਲ ਹੈ। ਕਿਉਂਕਿ ਖ਼ਾਲਸਾ ਵਾਹਿ ਗੁਰੂ ਦੁਆਰਾ ਹੈ। ਇਸ ਲਈ ਜੇ ਕਰ ਕੋਈ ਮਨੁੱਖ, ਇਹ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਤਾਂ ਉਸ ਵਿਚ ਅਤੇ ਅਕਾਲ ਪੁਰਖੁ ਵਿਚ ਕੋਈ ਭੇਦ ਨਹੀਂ ਰਹਿੰਦਾਂ ਹੈ। ਪਰੰਤੂ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ, ਕਿ ਕੋਈ ਵੀ ਅਕਾਲ ਪੁਰਖੁ ਦੇ ਬਰਾਬਰ ਨਹੀਂ ਹੋ ਸਕਦਾ ਹੈ। ਉਸ ਨਾਲ ਸਿਰਫ ਅਭੇਦ ਹੋਇਆ ਜਾ ਸਕਦਾ ਹੈ।

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ {੬੩੩}**

ਜਦੋਂ ਮਨੁੱਖ ਖ਼ਾਲਸੇ ਦੀ ਅਵਸਥਾ ਤਕ ਪਹੁੱਚਦਾ ਹੈ, ਤਾਂ ਉਹ ਦੁਸਰਿਆਂ ਮਨੁੱਖਾਂ ਨਾਲ ਕੋਈ ਵੀ ਭੇਦ ਭਾਵ ਦੀ ਭਾਵਨਾ ਨਾਲ ਫਰਕ ਨਹੀਂ ਕਰਦਾ ਹੈ। ਉਸ ਨੂੰ ਸਾਰੇ ਇਕ ਪਿਤਾ ਦੇ ਪੁੱਤਰ ਦਿਖਾਈ ਦੇਂਦੇ ਹਨ। ਸਾਰਿਆਂ ਵਿਚ ਇਕੋ ਜੋਤਿ ਹੀ ਵੇਖਦੇ ਹਨ।

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥ {੬੧੧}**

ਇਹ ਸਬਦ ਇਹ ਵੀ ਦੱਸਦੇ ਹਨ, ਕਿ ਜੇ ਖ਼ਾਲਸਾ ਵਾਹਿ ਗੁਰੂ ਦੁਆਰਾ ਹੈ, ਤਾਂ ਸਭ ਕੁਝ ਉਸ ਵਾਹਿ ਗੁਰੂ ਦੁਆਰਾ ਹੀ ਹੈ। ਇਸ ਲਈ ਮਨੁੱਖ ਦਾ ਆਪਣਾ ਕੁਝ ਵੀ ਨਹੀਂ। ਜਦੋਂ ਮਨੁੱਖ ਇਹ ਸਮਝ ਲੈਂਦਾ ਹੈ, ਕਿ ਉਸ ਦਾ ਆਪਣਾ ਕੁਝ ਵੀ ਨਹੀਂ ਹੈ, ਸਭ ਕੁਝ ਵਾਹਿ ਗੁਰੂ ਦੁਆਰਾ ਹੀ ਹੈ, ਗੁਰੂ ਦੀ ਉਸਤਤ ਦੁਆਰਾ ਹੀ ਹੈ, ਤਾਂ ਉਸ ਮਨੁੱਖ ਦੇ ਮਨ ਵਿਚੋਂ ਹਉਮੈ ਨਿਕਲ ਜਾਂਦੀ ਹੈ।

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ {੧੩੭੫}**

ਜਦੋਂ ਹਉਮੈ ਨਿਕਲ ਗਈ, ਤਾਂ ਫਿਰ ਲੋਭ, ਲਾਲਚ ਤੇ ਦੁਨਿਆਵੀ ਡਰ ਵੀ ਨਿਕਲ ਜਾਂਦੇ ਹਨ। ਫਿਰ ਉਹ ਹੇਰਾ ਫੇਰੀਆਂ ਕਰਕੇ ਧਨ ਇਕੱਠਾ ਨਹੀਂ ਕਰਦਾ ਹੈ, ਕਿਸੇ ਤੇ ਜ਼ੁਲਮ ਨਹੀਂ ਕਰਦਾ ਹੈ, ਆਪਣੀ ਕਿਰਤ ਕਮਾਈ ਤੇ ਗਿਆਨ ਦਾ ਕੁਝ ਹਿਸਾ ਮਨੁੱਖਤਾ ਦੇ ਭਲੇ ਲਈ ਵਰਤਦਾ ਹੈ, ਸਾਰਿਆਂ ਨੂੰ ਬਰਾਬਰੀ ਨਾਲ ਵੇਖਦਾ ਹੈ, ਬਰਾਬਰੀ ਦਾ ਸਲੂਕ ਕਰਦਾ ਹੈ, ਮਨੁੱਖਤਾ ਦੀ ਭਲਾਈ ਲਈ ਤੱਤਪਰ ਰਹਿੰਦਾ ਹੈ। ਇਹ ਰੋਜ਼ ਦਾ ਕਿਹਾ ਹੋਇਆ ਸਬਦ, ਉਸ ਨੂੰ ਆਪਣੇ ਆਪ ਗੁਰਮੁਖਿ ਬਣਨ ਦੀ ਦਿਸ਼ਾ ਵਲ ਲੈ ਜਾਂਦਾ ਹੈ। ਉਹ ਮਨੁੱਖਤਾ ਦੇ ਭਲੇ ਲਈ ਹਰੇਕ ਕੁਰਬਾਨੀ ਲਈ ਤਿਆਰ ਹੋ ਜਾਂਦਾ ਹੈ।

**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ {੭੫੭}**

**"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"** ਦੇ ਦੂਸਰੇ ਭਾਗ **"ਵਾਹਿ ਗੁਰੂ ਜੀ ਕੀ ਫ਼ਤਹਿ"** ਦਾ ਭਾਵ ਹੈ ਕਿ ਜੇ ਕਰ ਮਨੁੱਖ ਨੇ ਆਪਣੇ ਜੀਵਨ ਵਿਚ ਕੋਈ ਪ੍ਰਾਪਤੀ ਕੀਤੀ ਹੈ, ਤਾਂ ਉਹ ਵੀ ਉਸ ਦੀ ਆਪਣੀ ਨਹੀਂ ਹੈ, ਬਲਕਿ ਉਹ ਵੀ ਗੁਰੂ ਦੀ ਸਿਖਿਆ ਦੁਆਰਾ ਹੀ ਹੈ ਤੇ

ਉਸ ਨੂੰ ਇਹ ਫ਼ਤਹਿ, ਗੁਰੂ {ਗੁਰਬਾਣੀ} ਦੁਆਰਾ ਅਕਾਲ ਪੁਰਖੁ ਦੀ ਉਸਤਤ ਕਰਨ ਨਾਲ ਪ੍ਰਾਪਤ ਹੋਈ ਹੈ। ਇਸ ਲਈ ਜਦੋਂ ਸਿੱਖ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਕਹਿੰਦਾ ਹੈ, ਤਾਂ ਉਸ ਦੇ ਆਪਣੇ ਅੰਦਰੋਂ ਅਤੇ ਦੂਸਰਾ ਸਿੱਖ ਜੋ ਇਹ ਸਬਦ ਸੁਣਦਾ ਵੀ ਹੈ ਅਤੇ ਕਹਿੰਦਾ ਵੀ ਹੈ, ਉਸ ਦੇ ਅੰਦਰੋਂ ਵੀ ਹਉਮੈ ਨਿਕਲ ਜਾਂਦੀ ਹੈ। ਜਦੋਂ ਹਉਮੈ ਨਿਕਲ ਗਈ ਤਾਂ ਫਿਰ ਮਨੁੱਖ ਸਭ ਸੁਖ ਪ੍ਰਾਪਤ ਕਰ ਲੈਂਦਾ ਹੈ।

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥ {੧੩੮੨}**

ਜਦੋਂ ਸਾਰੇ ਆਪਣੇ ਹੋ ਜਾਣ ਤਾਂ ਜੀਵਨ ਵਿਚ ਸੁਖ ਅਤੇ ਖ਼ੁਸ਼ਹਾਲੀ ਆਪਣੇ ਆਪ ਆ ਜਾਂਦੀ ਹੈ। ਮਨ ਵਿਚ ਅਨੰਦ ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਮਨੁੱਖਾ ਜੀਵਨ ਦਾ ਇਹ ਮੰਤਵ ਸਹਿਜੇ ਹੀ ਪੂਰਾ ਹੋ ਜਾਂਦਾ ਹੈ।

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ {੧੨}**

ਫ਼ਤਹਿ ਸਬਦ ਨੂੰ ਵਰਤਣ ਦਾ, ਇਕ ਮਨੋਵਿਗਿਆਨ ਪ੍ਰਭਾਵ ਇਹ ਵੀ ਹੈ। ਕਿ ਜਦੋਂ ਮਨੁੱਖ ਫ਼ਤਹਿ ਸਬਦ ਕਹਿੰਦਾਂ ਹੈ, ਤਾਂ ਉਸ ਦੇ ਮਨ ਦੇ ਅੰਦਰ ਇਕ ਐਸਾ ਉਤਸ਼ਾਹ ਪੈਦਾ ਹੋ ਜਾਂਦਾ ਹੈ, ਕਿ ਉਹ ਸਫਲਤਾ ਲਈ ਪੂਰੀ ਕੋਸ਼ਿਸ਼ ਕਰਦਾ ਹੈ। ਮਨੁੱਖ ਨੂੰ ਆਪਣਾ ਮੰਤਵ ਪੂਰਾ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਆਦਤ ਪੈ ਜਾਂਦੀ ਹੈ। ਇਸੇ ਲਈ ਗੁਰੂ ਦਾ ਸਿੱਖ ਹਮੇਸ਼ਾ ਚੜ੍ਹਦੀ ਕਲ੍ਹਾ ਵਿਚ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਿੱਖ ਆਪਣੇ ਧਰਮ ਦੀ ਖਾਤਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ। ਉਹ ਮੁਸ਼ਕਲ ਤੋਂ ਮੁਸ਼ਕਲ ਕੰਮ, ਅਕਾਲ ਪੁਰਖੁ ਤੇ ਭਰੋਸਾ ਰੱਖਦੇ ਹੋਏ, ਆਸਾਨੀ ਨਾਲ ਕਰ ਲੈਂਦਾਂ ਹੈ।

ਸਾਡੇ ਹੋਰ ਭੁਲੇਖਿਆਂ ਦੇ ਕਾਰਨ ਇਹ ਹਨ, ਕਿ ਅਸੀਂ ਅੱਜਕਲ ਦੀ ਪੰਜਾਬੀ ਭਾਸ਼ਾ ਵਿਚ ਲਿਖਣ ਤੇ ਬੋਲਣ ਦਾ ਤਰੀਕਾ ਬਦਲ ਲਿਆ ਹੈ, ਜਦੋਂ ਕਿ ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਜਾਂਦਾ ਹੈ, ਉਸੇ ਤਰੀਕੇ ਨਾਲ ਹੀ ਬੋਲਿਆ ਜਾਂਦਾ ਹੈ। **ਗੁਰਬਾਣੀ ਵਿਚ ਸਬਦ, "ਜੇਹੜਾ, ਕੇਹੜਾ, ਜਵੇਹਰ, ਜੇਵੇਹੀ, ਜਵੇਹਰੀ, ਇਵੇਹੀ, ਇਵੇਹਾ" ਵਰਤੇ ਗਏ ਹਨ, ਪਰੰਤੂ, "ਜਿਹੜਾ ਕਿਹੜਾ ਜਿਵੇਹਰ ਜਿਵੇਹੀ, ਜਿਵੇਹਰੀ, ਏਵੇਹੀ, ਏਵੇਹਾ", ਕਿਤੇ ਵੀ ਨਹੀਂ ਵਰਤੇ ਗਏ ਹਨ।** ਜਿਥੇ ਵੀ ਅਸੀਂ ਅੱਜਕਲ ਦੀ ਪੰਜਾਬੀ ਵਿਚ ਲਾਂਅ { ੇ } ਨਾਲ ਬੋਲਦੇ ਹਾਂ, ਗੁਰਬਾਣੀ ਵਿਚ ਉਥੇ ਲਾਂਅ { ੇ } ਹੀ ਵਰਤੀ ਗਈ ਹੈ, ਸਿਹਾਰੀ {ਿ } ਨਹੀਂ ਵਰਤੀ ਗਈ ਹੈ। ਪਰੰਤੂ, ਜਿਥੇ ਅਸੀਂ ਅੱਜਕਲ ਦੀ ਪੰਜਾਬੀ ਵਿਚ ਸਿਹਾਰੀ {ਿ } ਨਾਲ ਬੋਲਦੇ ਹਾਂ, ਗੁਰਬਾਣੀ ਵਿਚ ਉਥੇ ਸਿਹਾਰੀ {ਿ } ਹੀ ਵਰਤੀ ਗਈ ਹੈ। ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਗਿਆ ਹੈ, ਉਸੇ ਤਰ੍ਹਾਂ ਹੀ ਬੋਲਿਆ ਜਾਂਦਾ ਹੈ।

ਸਾਡੀ ਅੱਜਕਲ ਦੀ ਪੰਜਾਬੀ ਭਾਸ਼ਾ ਵਿਚ ਲਿਖਿਆ ਸਿਹਾਰੀ {ਿ } ਨਾਲ ਜਾਂਦਾ ਹੈ, ਜਿਸ ਤਰ੍ਹਾਂ ਕਿ "**ਜਿਹੜਾ, ਕਿਹੜਾ, ਆਦਿ**", ਪਰੰਤੂ, ਬੋਲਿਆ ਲਾਅ { ੇ } ਨਾਲ ਜਾਂਦਾ ਹੈ। ਅਸੀਂ ਆਪਣੀ ਪੰਜਾਬੀ ਭਾਸ਼ਾ ਵਿਚ ਇਹ ਬਦਲਾਵ ਕਰ ਲਿਆ ਹੈ। ਪਰੰਤੂ, ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਗਿਆ ਹੈ, ਉਸੇ ਤਰ੍ਹਾਂ ਹੀ ਬੋਲਿਆ ਜਾਂਦਾ ਹੈ। ਇਸ ਲਈ ਅਸੀਂ ਆਪਣੀ ਬਦਲੀ ਗਈ ਪੰਜਾਬੀ ਭਾਸ਼ਾ ਦੇ ਕਾਨੂੰਨ ਨੂੰ ਗੁਰਬਾਣੀ ਉੱਪਰ ਲਾਗੂ ਨਹੀਂ ਕਰ ਸਕਦੇ ਹਾਂ।

ਇਸ ਲਈ "**ਵਾਹਿ ਗੁਰੂ**" ਨੂੰ "**ਵਾਹੇ ਗੁਰੂ**" ਬਣਾ ਕੇ ਨਹੀਂ ਬੋਲ ਸਕਦੇ ਹਾਂ। ਸਾਨੂੰ "**ਵਾਹਿ ਗੁਰੂ**", ਹੀ ਬੋਲਣਾ ਪਵੇਗਾ "**ਵਾਹੇ ਗੁਰੂ**", ਨਹੀਂ। ਇਸ ਲਈ ਜਦੋਂ ਅਸੀਂ "**ਵਾਹਿਗੁਰੂ**" ਬੋਲਦੇ ਹਾਂ, ਤਾਂ ਸਾਨੂੰ "**ਵਾਹਿ**", "**ਗੁਰੂ**" ਵੱਖਰਾ ਕਰਕੇ ਬੋਲਣਾ ਪਵੇਗਾ। ਇਸ ਨੂੰ

ਇਕੱਠਾ ਕਰਕੇ, **"ਵਾਹੇ+ਗੁਰੂ", ਨਹੀਂ ਬੋਲ ਸਕਦੇ ਹਾਂ।**

**ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ॥ ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ॥ ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ॥ ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ॥ ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥ {੫੧੫}**

ਇਸ ਲਈ ਸਪੱਸ਼ਟ ਹੋ ਜਾਂਦਾ ਹੈ, ਕਿ **"ਵਾਹਿ ਗੁਰੂ"**, ਗੁਰੂ ਦੀ ਵਾਹ ਵਾਹ ਕਰਨ ਵਾਸਤੇ ਹੈ, ਗੁਰੂ ਦੀ ਉਸਤਤ ਕਰਨ ਵਾਸਤੇ ਹੈ। ਇਸ ਲਈ ਅਸੀਂ "**ਵਾਹਿਗੁਰੂ**" ਕਿਸੇ ਪਾਸਿਓਂ ਵੀ ਅਕਾਲ ਪੁਰਖੁ ਦੇ ਨਾਂ ਲਈ ਨਹੀਂ ਵਰਤ ਸਕਦੇ ਹਾਂ। ਇਹ ਸਬਦ "ਵਾਹਿ ਗੁਰੂ", ਸਿਰਫ ਤੇ ਸਿਰਫ ਗੁਰੂ ਦੀ ਵਾਹ ਵਾਹ ਕਰਨ ਵਾਸਤੇ ਹੈ, ਅਕਾਲ ਪੁਰਖੁ ਦੇ ਨਾਂ ਜਾਂ ਨਾਮੁ ਲਈ ਨਹੀਂ ਹੈ। ਇਸ ਲਈ ਸਾਨੂੰ "**ਵਾਹਿ ਗੁਰੂ**" ਵੱਖਰਾ ਕਰਕੇ ਬੋਲਣਾ ਚਾਹੀਦਾ ਹੈ, ਤਾਂ ਜੋ ਅਸੀਂ ਗੁਰਬਾਣੀ ਅਨੁਸਾਰ ਠੀਕ ਤਰ੍ਹਾਂ ਬੋਲੀਏ, ਤੇ ਫਿਰ ਆਪਣੇ ਆਪ ਇਸ ਦੇ ਅਰਥ ਵੀ ਗੁਰਬਾਣੀ ਦੇ ਅਨੁਕੂਲ ਹੋ ਜਾਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਗੁਰੂ ਸਾਹਿਬਾਂ ਦੀਆਂ ਚਲਾਈਆਂ ਗਈਆਂ ਰਿਵਾਇਤਾਂ ਨੂੰ ਮਾਮੂਲੀ ਨਾ ਸਮਝੋ। ਇਨ੍ਹਾਂ ਅੰਦਰ ਬਹੁਤ ਡੂੰਘਿਆਈ ਛੁਪੀ ਹੈ, ਇਹ ਵਡਮੁੱਲਾ ਖ਼ਜ਼ਾਨਾ ਹੈ। ਸਿਰਫ਼ ਇਨ੍ਹਾਂ ਰਸਤਿਆਂ ਤੇ ਚੱਲਣ ਦੀ ਲੋੜ ਹੈ। ਸਾਨੂੰ ਇਹ ਆਪਣੇ ਆਪ ਹੀ ਸਚ ਖੰਡਿ ਦੀ ਅਵਸਥਾ ਵੱਲ ਲੈ ਜਾਣਗੀਆਂ।

**ਸੁਣਿਐ ਅੰਧੇ ਪਾਵਹਿ ਰਾਹੁ॥ {੩}**

ਸਾਡੀਆਂ ਸਿਰਫ ਪੰਜ ਗਿਆਨ ਇੰਦਰੀਆਂ ਹਨ {ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ}। ਅਸੀਂ ਇਨ੍ਹਾਂ ਨਾਲ ਸਿਰਫ ਕੁਝ ਹੱਦ ਤਕ ਹੀ ਵੇਖ, ਸੁਣ ਜਾਂ ਸਮਝ ਸਕਦੇ ਹਾਂ। ਉਹ ਵੀ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਆਪ ਨੂੰ ਕਿੰਨਾਂ ਕੁ ਗੁਰੂ ਸਾਹਿਬਾਂ ਦੀ ਸਿਖਿਆਂਵਾਂ ਅੱਗੇ ਅਰਪਣ ਕੀਤਾ ਹੈ। ਇਸ ਲਈ ਆਓ ਸਾਰੇ ਜਾਣੇ ਗੁਰੂ ਸਾਹਿਬਾਂ ਦੇ ਦੱਸੇ ਰਸਤੇ ਤੇ ਚੱਲ ਕੇ ਆਪਣੇ ਜੀਵਨ ਦੀ ਮੰਜ਼ਲ ਤੱਕ ਪਹੁੰਚਈਏ।

ਆਓ ਅਸੀਂ ਅੱਜ ਤੋਂ ਪ੍ਰਣ ਕਰਈਏ ਕਿ ਅਸੀਂ ਜਦੋਂ ਵੀ ਇਕ ਦੂਸਰੇ ਨੂੰ ਮਿਲਈਏ ਤਾਂ ਨਿਮਰਤਾ ਤੇ ਸਤਿਕਾਰ ਨਾਲ ਇਸ ਤਰ੍ਹਾਂ ਕਹੀਏ।

**"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"**

RH1 / E-8, Sector-8, Vasih, Naiv Mumbia - 400703.

Email= sarbjitsingh@yahoo.com

Web= https://gurmat-research.com/

http://www.geoicites.ws/sarbijtisngh

http://www.sikhmarg.com/aritcle-dr-sarbijt.html

https://sikhiwsdom.org/profile/sarbjitsingh/answers/

# ਪੰਜਾਬ ਦੀ ਵੰਡ ਤੋਂ ਪਹਿਲਾਂ ਬਣਾਈ ਅਕਾਲ ਫੌਜ: ਭਾਗ 1

ਕਾਬਲ ਸਿੰਘ (ਐਡਮਿੰਟਨ)

**ਅਕਾਲ ਫੌਜ ਦਾ ਅਰੰਭ**: ਫਰਵਰੀ 1947 ਵਿੱਚ, ਸਿੱਖ ਆਗੂਆਂ ਨੇ ਰਾਵਲਪਿੰਡੀ ਵਿਚ ਬਲਾਤਕਾਰ ਤੇ ਕਤਲੇਆਮਾਂ ਦੇ ਪ੍ਰਤੀਕਰਮ ਵਜੋਂ, ਮੁਸਲਿਮ ਲੀਗ ਦੇ ਹਮਲਿਆਂ ਵਿਰੁੱਧ ਤਿਆਰ ਰਹਿਣ ਬਾਰੇ ਚਰਚਾ ਸ਼ੁਰੂ ਕੀਤੀ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਸਿੱਖ ਫੌਜੀ ਸੰਗਠਨ ਬਣਾਉਣਾਂ ਹੈ। ਮਾਰਚ 1947 ਵਿੱਚ ਇਕ ਫੌਜੀ ਸੰਗਠਨ ਅਕਾਲ ਫੌਜ ਬਣਾਈ ਗਈ, ਜਿਸ ਵਿੱਚ ਤਨਖਾਹਦਾਰ ਅਧਿਕਾਰੀ ਸਨ।

ਇਸ ਉਦੇਸ਼ ਲਈ, ਅਕਾਲੀ ਦਲ ਨੇ ਹਥਿਆਰ ਖਰੀਦਣ ਅਤੇ ਸਿਪਾਹੀਆਂ ਨੂੰ ਭੁਗਤਾਨ ਕਰਨ ਲਈ ਫੰਡ ਇਕੱਠਾ ਕਰਨ ਦੀ ਮੁਹਿੰਮ ਚਲਾਈ। ਮਾਸਟਰ ਤਾਰਾ ਸਿੰਘ ਨੇ ਅਜੀਤ ਅਖਬਾਰ ਵਿਚ ਇਸ਼ਤਿਹਾਰਬਾਜ਼ੀ ਕੀਤੀ, ਅਤੇ ਸ਼ਹਿਰ ਤੋਂ ਸ਼ਹਿਰ ਯਾਤਰਾ ਕੀਤੀ।ਮਈ 1947 ਤਕ 50 ਲੱਖ ਰੁਪਏ ਇਕੱਠੇ ਹੋ ਗਏ।

**ਅਕਾਲ ਫੌਜ ਦੇ ਜਥੇ ਤੇ ਵਰਦੀ:** ਜਥਿਆਂ ਵਿੱਚ ਉੱਚ ਦਰਜੇ ਦੇ ਆਗੂ, ਸਾਬਕਾ ਸਿਪਾਹੀ, ਸ਼ਹੀਦੀ ਜਥਿਆਂ ਤੇ ਸ਼੍ਰੋਮਣੀ ਗੁਰੂਦਆਰਾ ਪ੍ਰਬੰਧਕ ਕਮੇਟੀ ਦੇ ਫੌਜੀ ਗਾਰਡ, ਅਤੇ ਫੌਜੀ ਸਨ।

ਵਰਦੀ ਵਿੱਚ ਗੂੜ੍ਹੀ ਨੀਲੀ ਪੱਗ, ਖਾਕੀ ਕਮੀਜ਼, ਕਮਰ ਕੱਸਾ, ਗੋਡਿਆਂ ਤੋਂ ਉਪਰ ਖੁਲੀ ਤੇ ਥਲੇ ਭੀੜੀ ਪੈਂਟ (ਜਿਹੋ ਜਹੀ ਘੋੜ ਸਵਾਰੀ ਲਈ ਵਰਤੀ ਜਾਂਦੀ ਸੀ), ਅਤੇ ਲੰਮੀ ਕਿਰਪਾਨ ਸਨ (ਚਿਤਰ 1)।

ਖੁਸ਼ਵੰਤ ਸਿੰਘ ਦੇ ਅੰਗਰੇਜੀ ਨਾਵਲ 'ਟ੍ਰੇਨ ਟੂ ਪਾਕਿਸਤਾਨ' ਵਿੱਚ ਇਕ ਜਥੇ ਦੀ ਵਰਦੀ ਦਾ ਵਰਣਨ (ਪੰਜਾਬੀ ਅਨੁਵਾਦ):

"ਗਰੁੱਪ ਵਿੱਚੋਂ ਇੱਕ, ਜੋ ਆਗੂ ਜਾਪਦਾ ਸੀ, ਨੇ ਦੂਜਿਆਂ ਨੂੰ ਬੈਠਣ ਦਾ ਇਸ਼ਾਰਾ ਕੀਤਾ। ਸਾਰੇ ਬੈਠ ਗਏ। ਆਗੂ ਦਾ ਹਮਲਾਵਰ ਸੁਭਾਅ ਸੀ। ਉਹ ਕਿਸ਼ੋਰ ਅਵਸਥਾ ਵਿੱਚ ਇੱਕ ਮੁੰਡਾ ਸੀ ਜਿਸਨੇ ਛੋਟੀ ਜਿਹੀ ਦਾੜ੍ਹੀ ਚਮਕ ਦੇਣ ਵਾਲੇ ਪਦਾਰਥ ਵਰਤ ਕੇ ਠੋਡੀ ਨਾਲ ਲਾਈ ਸੀ। ਉਹ ਛੋਟੇ ਕੱਦ ਤੇ ਪਤਲੇ ਸਰੀਰ ਵਾਲਾ ਸੀ ਅਤੇ ਕੁਝ ਹੱਦ ਤੱਕ ਇਸਤਰੀਆਂ ਵਾਂਗ ਵਿਵਹਾਰ ਕਰਦਾ ਲੱਗ ਰਿਹਾ ਸੀ। ਉਸਦੀ ਚਮਕਦਾਰ ਨੀਲੀ ਪੱਗ ਦੇ ਤਿੱਖੇ ਕੋਣ ਹੇਠ ਇੱਕ ਚਮਕਦਾਰ ਲਾਲ ਰਿਬਨ ਦਿਖਾਈ ਦੇ ਰਿਹਾ ਸੀ। ਉਸਦੀ ਖਾਕੀ ਫੌਜੀ ਕਮੀਜ਼ ਉਸਦੇ ਗੋਲ ਝੁਕਦੇ ਮੋਢਿਆਂ ਤੋਂ ਢਿੱਲੀ ਲਟਕ ਰਹੀ ਸੀ। ਉਸਦੀ ਤੰਗ ਛਾਤੀ ਉੱਤੇ ਗੋਲੀਆਂ ਨਾਲ ਭਰਿਆ ਹੋਇਆ ਚਮੜੇ ਦਾ ਪਟਾ ਸੀ, ਜਿਹੜਾ ਉਸਦੀ ਕਮਰ ਨਾਲ ਜੁੜਿਆ ਹੋਇਆ ਸੀ। ਹਥਿਆਰ ਰੱਖਣ ਵਾਲੀ ਜਗਾ ਵਿਚ ਇਕ ਪਾਸੇ ਪਸਿਤੌਲ ਦਾ ਹੱਥਾ ਬਾਹਰ ਨਿਕਲਿਆ ਹੋਇਆ ਸੀ ਤੇ ਦੂਜੇ ਪਾਸੇ ਇੱਕ ਛੁਰਾ ਸੀ। ਉਹ ਇੰਝ ਲੱਗ ਰਿਹਾ ਸੀ ਜਿਵੇਂ ਉਸਦੀ ਮਾਂ ਨੇ ਉਸਨੂੰ ਇੱਕ ਅਮਰੀਕੀ ਕਾਉਬੌਏ ਵਾਂਗ ਸਜਾਇਆ ਹੋਵੇ।"

**ਅਕਾਲ ਫੌਜ ਦੇ ਮੁਖ ਆਗੂ:** ਮਾਸਟਰ ਤਾਰਾ ਸਿੰਘ ਅਕਾਲੀ ਦਲ ਦੇ ਆਗੂ ਵਜੋਂ ਸੇਵਾਦਾਰ ਅਤੇ ਜਥਿਆਂ ਵੱਲੋਂ ਬੁਲਾਰੇ ਸਨ (ਚਿਤਰ 2)। ਸਰਦਾਰ ਬਲਦੇਵ ਸਿੰਘ ਦੇ ਨਾਲ, ਉਹ ਨੇਤਾਵਾਂ ਵਲੋਂ ਸਿੱਖ ਪ੍ਰਤੀਨਿਧੀ ਵਜੋਂ ਜਾਣੇ ਜਾਂਦੇ ਸਨ।

ਗਿਆਨੀ ਕਰਤਾਰ ਸਿੰਘ ਮਾਝਾ, ਮਾਲਵਾ, ਦੁਆਬਾ, ਗੁਜਰਾਂਵਾਲਾ, ਸ਼ਾਹਪੁਰ, ਸਿਆਲਕੋਟ, ਰਾਵਲਪਿੰਡੀ, ਹਿਸਾਰ ਅਤੇ ਗੁਜਰਾਤ ਦੇ ਸਥਾਨਕ ਜਥੇਦਾਰਾਂ ਨਾਲ ਮੁਲਾਕਾਤਾਂ ਕਰਨ, ਅਤੇ ਹਥਿਆਰ ਖਰੀਦਣ ਤੇ ਸਿਪਾਹੀਆਂ ਨੂੰ ਤਨਖਾਹ ਦੇਣ ਲਈ ਫੰਡ ਵੰਡਣ ਲਈ ਜੁਮੇਵਾਰ ਸਨ।

ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ ਅਤੇ ਸੋਹਣ ਸਿੰਘ ਜਲਾਲ ਉਸਮਾਨ ਨੇ ਮਾਝਾ ਵਿੱਚ ਰਾਹਤ ਕਰਮਚਾਰੀਆਂ ਵਜੋਂ ਸੇਵਾ ਨਿਭਾਈ। ਨਾਲ ਹੀ ਮਾਝਾ ਵਿੱਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਤੇ ਮਜ਼ਬੂਤ ਕੀਤੀ।

ਜਥੇਦਾਰ ਮੋਹਨ ਸਿੰਘ ਨਾਗੋਕੇ 1935 ਤੋਂ 1948 ਤੱਕ ਅਕਾਲ ਤਖ਼ਤ ਦੇ ਜਥੇਦਾਰ ਸਨ, ਜਿਨ੍ਹਾਂ ਨੇ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਲਈ ਸਿੱਖ ਵਰਗ ਨਾਲ ਕੰਮ ਕੀਤਾ।





ਚਿਤਰ 2. ਕੁਝ ਮੁੱਖ ਆਗੂ (ਖੱਬੇ ਤੋਂ ਸੱਜੇ): ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਮਾਸਟਰ ਤਾਰਾ ਸਿੰਘ, ਦਰਸ਼ਨ ਸਿੰਘ ਫੇਰੂਮਾਨ ਅਤੇ ਜਥੇਦਾਰ ਮੋਹਨ ਸਿੰਘ।

**(ਭਾਗ 2 ਅਗਲੇ ਅੰਕ ਵਿਚ ਪੜਨ ਦੀ ਕਿਰਪਾ ਕਰੋ ਜੀ)**

# ਮਨੁੱਖ ਦਾ ਜੀਵਨ ਵਿਚ ਮਕਸਦ

ਮਨਪ੍ਰੀਤ ਕੌਰ (ਟਾਟਾਨਗਰ, ਭਾਰਤ)

ਜੇ ਕਿਸੇ ਵੀ ਮਨੁੱਖ ਤੋਂ ਪੁਛੀਏ ਕਿ ਤੁਹਾਨੂੰ ਕੀ ਚਾਹੀਦਾ ਹੈ?? ਤਾਂ ਉਸਦਾ ਜਵਾਬ ਹੁੰਦਾ ਹੈ – ਬੱਸ ਇੱਕ ਵਡੇ ਪੈਕੇਜ ਵਾਲੀ ਨੌਕਰੀ ਮਿਲ ਜਾਵੇ; ਮੇਰਾ ਵਪਾਰ ਦੇਸ਼ ਵਿਦੇਸ਼ ਵਿਚ ਫੈਲ ਜਾਵੇ; ਮੈਨੂੰ ਬਹੁਤ ਸੋਹਣਾ, ਸੁਸ਼ੀਲ ਤੇ ਅਮੀਰ ਜੀਵਨ ਸਾਥੀ ਮਿਲ ਜਾਵੇ; ਮੇਰੇ ਬਚੇ ਉਚਾ ਮੁਕਾਮ ਹਾਸਲ ਕਰ ਲੈਣ; ਮੈ ਰਾਜਨੀਤੀ ਵਿਚ ਲੰਮੇਂ ਸਮੇਂ ਲਈ ਪਕੜ ਬਣਾ ਲਵਾਂ; ਜਾਂ ਕਿਸੇ ਵਧੀਆ ਦੇਸ਼ ਦੀ ਨਾਗਰਿਕਤਾ ਮਿਲ ਜਾਵੇ; ਆਦਿ।

ਪਰ ਇਹ ਮਿਲਣ ਤੋਂ ਬਾਅਦ ਉਸਦੇ ਜੀਵਨ ਵਿਚ ਕੀ ਪ੍ਰਾਪਤੀ ਹੁੰਦੀ ਹੈ?

ਅਸੀਂ ਵੇਖਦੇ ਹਾਂ ਕਿ ਉਸਦੇ ਅੰਦਰ ਡਰ, ਬੇਚੈਨੀ ਤੌਖਲਾਪਨ ਅਤੇ ਸਰੀਰਿਕ ਤੇ ਮਾਨਸਿਕ ਰੋਗ। ਕਿਉਂਕਿ ਇੱਕ ਕਾਰ ਖਰੀਦਣ ਤੋਂ ਬਾਅਦ ਉਸਨੂੰ ਹੁਣ ਉਸਤੋਂ ਮਹਿੰਗੀ ਕਾਰ ਦੀ ਜਰੂਰਤ ਲੱਗਦੀ ਹੈ। ਇੱਕ ਦੇਸ਼ ਦੀ ਸਭ ਤੋਂ ਵਧੀਆ ਕੁਰਸੀ ਹੋਣ ਤੋਂ ਬਾਅਦ ਉਸਦੀ ਨਜ਼ਰ ਪੜੋਸੀ ਦੇਸ਼ ਤੇ ਕਬਜਾ ਕਰਨ ਦੀ ਚਾਹਤ ਪੈਦਾ ਹੋ ਜਾਂਦੀ ਹੈ। ਹਰ ਰੋਜ ਪਰਿਵਾਰ ਲਈ ਵੱਧ ਤੋਂ ਵੱਧ ਸਹੂਲਤਾਂ ਇਕੱਠੀਆਂ ਕਰਨ ਦੀ ਦੌੜ ਲਗ ਜਾਂਦੀ ਹੈ। ਨੌਕਰੀ ਵਿੱਚ ਤਰੱਕੀ ਦੀ ਜਦੋਜਹਿਦ ਵਧਦੀ ਹੀ ਜਾਂਦੀ ਹੈ:

**"ਬਿਨਾਂ ਸੰਤੋਖ ਨਹੀ ਕੋਈ ਰਾਜੇ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੇ॥"** (ਅੰਕ 279)

**"ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥ ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥ ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥ ਧਨ ਭੂਮਿ ਕਾ ਜੋ ਕਰੈ ਗੁਮਾਨੁ॥ ਸੋ ਮੂਰਖੁ ਅੰਧਾ ਅਗਿਆਨੁ॥ ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥" (ਅੰਕ 278)**

ਸੋ ਗੁਰੂ ਸਾਹਿਬ ਸਮਝਾਉਂਦੇ ਹਨ, ਕਿ ਜਿੰਦਗੀ ਵਿੱਚ ਅਸਲੀ ਖੁਸ਼ੀ ਸਬਰ ਸੰਤੋਖ ਤੇ ਹੁਕਮ ਅੰਦਰ ਜੀਵਣ ਵਿੱਚ ਹੀ ਹੈ:

**"ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥ ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥" (ਅੰਕ 1384)**

ਪਸ਼ੂ ਪੰਛੀਆਂ ਵੱਲ ਵੇਖੀਏ ਤਾਂ ਉਹ ਉਦੋਂ ਹੀ ਖਾਂਦੇ ਹਨ ਜਦੋਂ ਉਨ੍ਹਾਂ ਨੂੰ ਭੁਖ ਲਗਦੀ ਹੈ। ਉਹ ਆਪਣੇ ਹਰ ਖਾਣੇ ਲਈ ਉਦਮ ਕਰਦੇ ਹਨ, ਜਾਂ ਸ਼ਿਕਾਰ। ਪੰਛੀ ਵੀ ਹਰ ਵਾਰ ਆਪਣਾਂ ਨਵਾਂ ਆਹਲਣਾ ਬਣਾਉਂਦੇ ਹਨ। ਉਹ ਬਚਿਆਂ ਨੂੰ ਆਪਣੇ ਜੋਗਾ ਬਣਾ ਕੇ ਆਪਣਾ ਫਰਜ ਫਰਜ ਪੂਰਾ ਕਰਦੇ ਹਨ। ਉਨ੍ਹਾਂ ਨੂੰ ਅਰਾਮ ਵਾਲੀ (comfort zone) ਹਾਲਾਤ ਵਿਚ ਨ ਰਖਦੇ ਹੋਏ ਉਦਮੀ ਤੇ ਹਿਮਤੀ ਬਣਾਉਂਦੇ ਹਨ। ਇਸ ਕੁਦਰਤ ਵਿਚ ਰਹਿਣ ਵਾਲੇ ਪਸ਼ੂ ਪੰਛੀ ਘੱਟ ਹੀ ਬੀਮਾਰ ਹੁੰਦੇ ਹਨ। ਉਨ੍ਹਾਂ ਦੇ ਛੋਟੇ-ਵੱਡੇ ਜਖਮ ਆਪ ਹੀ ਠੀਕ ਹੋ ਜਾਂਦੇ ਹਨ ਅਤੇ ਉਹ ਕਦੀ ਵੀ ਆਤਮ ਹੱਤਿਆ ਨਹੀਂ ਕਰਦੇ।

ਇਕ ਦਰੱਖਤ ਵੀ ਆਪਣੇ ਹਰ ਬੀਜ ਅੰਦਰ ਇਕ ਨਵਾਂ ਪੇੜ ਬਣਨ ਦੀ ਤਾਕਤ ਭਰਦਾ ਹੈ।ਪਰ ਜਿਆਦਾਤਰ ਮਨੁੱਖ ਉਮਰ ਨਾਲ ਖਾਣਾ ਘੱਟ ਅਤੇ ਦਵਾਈਆਂ ਤੇ ਪਰਹੇਜ਼ ਵਲ ਵੱਧਦੇ ਹਨ:

**"ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥ ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥" (ਅੰਕ 1147)**

ਸੋ ਵਨ ਸੁਵੱਨੇ ਖਾਣੇ, ਬਰਾਂਡ ਦੇ ਕਪੜੇ, ਵਧੀਆ ਡਿਗਰੀਆਂ, ਕੋਠੀਆਂ, ਕਾਰਾਂ, ਮਹਿੰਗੇ ਮੋਬਾਈਲ ਫੋਨ, ਸੋਸ਼ਲ ਮੀਡੀਆ, ਆਦਿ ਵਿਚ

ਖੁਸ਼ੀ ਹੈ ਪਰ ਇਹ ਖੁਸ਼ੀ ਤ੍ਰਿਸ਼ਨਾ ਅਤੇ ਉਮੀਦਾਂ ਵਿਚ ਜਲਦੀ ਹੀ ਖਤਮ ਹੋ ਜਾਂਦੀ ਹੈ।

ਸਦੀਵੀ ਖੁਸ਼ੀ ਵਧੀਆ ਪਰਿਵਾਰਕ ਤੇ ਸਮਾਜਿਕ ਜੀਵਨ ਵਿੱਚ ਹੈ। ਦੋਸਤੀ, ਰਿਸ਼ਤੇਦਾਰੀ, ਭਾਵਾਤਮਿਕ, ਮਾਨਸਿਕ ਸਹਿਜ ਬਣਾਏ ਰੱਖਣ ਵਿਚ ਹੀ ਹੈ:

**"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥" (ਅੰਕ 379)**

## ਮਨੁੱਖੀ ਜੀਵਨ ਦਾ ਉਦੇਸ਼

ਮਨੁੱਖ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਹੈ। ਪਸ਼ੂ-ਪੰਛੀਆਂ ਵਾਂਗ ਇਸਦਾ ਉਦੇਸ਼ ਸਿਰਫ ਖਾਣਾ-ਪੀਣਾ ਜਾਂ ਬਚੇ ਪੈਦਾ ਕਰਨਾ ਹੀ ਨਹੀਂ ਹੈ।

ਦਰੱਖਤ ਤੇ ਬੂਟੇ ਇਕ ਜਗਾ ਖੜੇ ਹੁੰਦਿਆਂ ਜਿਉਂਦੇ ਵੀ ਰਹਿੰਦੇ ਹਨ ਅਤੇ ਅਸੰਖ ਬੀਜ ਪੈਦਾ ਕਰਨ ਦੀ ਕੁਦਰਤ ਨਾਲ ਪਸ਼ੂ-ਪੰਛੀਆਂ, ਜਾਨਵਰਾਂ ਤੇ ਮਨੁਖਤਾ ਨੂੰ ਬਹੁਤ ਸਾਰੀਆਂ ਦਾਤਾਂ ਵੀ ਬਖਸ਼ਦੇ ਹਨ। ਜਿਵੇਂ ਕਿ, ਖਾਣਾ, ਔਕਸਜਿਨ, ਲਕੜੀ, ਦਵਾਈਆਂ ਅਤੇ ਵਾਤਾਵਰਣ ਦਾ ਤਾਪਮਾਨ ਸੁਖਦ ਬਣਾਈ ਰਖਣਾਂ ਆਦਿ।

ਮਨੁੱਖ, ਜਿਸ ਕੋਲ ਸੁਰਤ, ਚੇਤਨਾ, ਸੰਵੇਦਨਾਵਾਂ, ਸਿਮਰਨ ਵਰਗੀਆਂ ਬਹੁਤ ਹੀ ਉਤਮ ਸ਼ਕਤੀਆਂ ਹਨ, ਉਸਦਾ ਜੀਵਨ ਉਦੇਸ਼ ਵੀ ਸਿਰਫ ਪੇਟ ਪੂਰਤੀ ਤੇ ਨਸਲ ਵਧਾਉਣ ਤਕ ਹੀ ਸੀਮਿਤ ਰਹੇ:

**"ਪੇਟ ਭਰਿਓ ਪਸ਼ੂਆ ਜਿਓ ਸੋਇਓ ਮਨੁੱਖ ਜਨਮ ਹੈ ਹਾਰਿਓ॥" (ਅੰਕ 1105)**

**"ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥" (ਅੰਕ 43)**

**ਆਓ ਸਮਝੀਏ:**

ਕੁਦਰਤ ਵਿਚ ਸਭ ਜੀਵ-ਜੰਤ, ਬਨਸਪਤੀ ਕੁਦਰਤੀ ਨਿਯਮਾਂ ਅਨੁਸਾਰ ਸੱਚਾ ਜੀਵਨ ਜੀ ਰਹੇ ਹਨ। ਸ਼ੇਰ, ਚੀਤਾ, ਸੱਪ, ਨੇਵਲਾ ਆਦਿ ਮਾਸਾਹਾਰੀ ਮਾਸ ਹੀ ਖਾਂਦੇ ਹਨ। ਸ਼ਾਕਾਹਾਰੀ ਨੂੰ ਜਿਵੇ ਹਮੇਸ਼ਾਂ ਆਲੂ ਤੇ ਕਰੇਲੇ ਵਿਚੋਂ ਕਰੇਲੇ ਦਾ ਹੀ ਸਵਾਦ ਆਉਂਦਾ ਹੈ। ਅੱਗ ਪਾਣੀ ਹਵਾ ਦਾ ਉਦੇਸ਼ ਅਟੱਲ ਹੈ। ਸਭ ਕੁਦਰਤ ਅਨੁਸਾਰ ਚਲਦੇ ਹਨ।

ਮਨੁੱਖ ਦੇ ਸਰੀਰ ਦੇ ਸਾਰੇ ਅੰਗ (ਪ੍ਰਣਾਲੀਆਂ) ਵੀ ਕੁਦਰਤੀ ਨਿਯਮਾਂ ਹੇਠ ਹਨ:

**"ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥" (ਅੰਕ 309)**

ਪਰ ਮਨੁੱਖ ਦੀ ਸੁਰਤ, ਚੇਤਨਤਾ ਕੁਦਰਤੀ ਨਿਯਮਾਂ, ਰੱਬੀ ਗੁਣਾਂ ਅਤੇ ਆਤਮ-ਗਿਆਨ ਦੀ ਸੋਝੀ ਤੋਂ ਮੁਨਕਰ ਹੈ। ਇਸ ਨੇਂ ਦੇਸ਼ਾਂ (ਧਰਤੀ) ਦੀਆਂ ਸੀਮਾਵਾਂ, ਆਸਮਾਨ, ਪਾਣੀ ਹੀ ਨਹੀਂ ਵੰਡਿਆ ਸਗੋਂ ਲਿੰਗ ਭੇਦ, ਅਮੀਰ ਗਰੀਬ, ਪਾਪ-ਪੁੰਨ ਦੇ ਨਾਲ-ਨਾਲ ਕਤਲੋਗਾਰਤ, ਲੁੱਟ-ਘਸੁੱਟ ਵਰਗੀਆਂ ਵਾਸ਼ਨਾਵਾਂ ਦਾ ਵੀ ਸ਼ਿਕਾਰ ਹੈ।

ਇਨ੍ਹਾਂ ਵਿਕਾਰੀ ਸੋਚਾਂ ਦੇ ਕਾਰਨ ਸਾਰੇ ਸੁੱਖ ਅਰਾਮ ਹੁੰਦਿਆਂ ਵੀ ਇਹ ਜੀਵਨ ਦੇ ਅਸਲੀ ਉਦੇਸ਼ ਸਹਜ, ਸੰਤੋਖ, ਖੁਸ਼ੀ ਆਦਿ ਤੋਂ ਸੱਖਣਾਂ ਰਹਿ ਜਾਂਦਾ ਹੈ:

**"ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥" (ਅੰਕ 661)**

ਇਸ ਲਈ ਮਨੁੱਖੀ ਜੀਵਨ ਦੇ ਉਦੇਸ਼ ਨੂੰ ਪਾਉਣ ਲਈ ਇਸਨੂੰ ਆਪਣੀ ਮਨਮਤ, ਮਨਮਰਜੀ, ਭ੍ਰਮ ਛਡ ਕੇ ਰੱਬੀ ਗੁਣਾਂ ਨੂੰ ਜਿਉਣਾਂ ਪਵੇਗਾ:

**"ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲ ਸਾਧਸੰਗਤਿ ਭਜ ਕੇਵਲ ਨਾਮ॥" (ਅੰਕ 12)**

ਸਿਰਫ ਤੇ ਸਿਰਫ ਇਸ ਜੀਵਨ ਜਾਂਚ ਨਾਲ ਹੀ ਮਨੁੱਖ ਆਪਣੇ ਪੂਰਨ ਟੀਚੇ ਨੂੰ ਸਹਜਤਾ ਨਾਲ ਪਾ ਸਕਦਾ ਹੈ:

**"ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥" (ਅੰਕ 1372)**

**"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਅੰਕ 462)**

# ਕੀ ਨੌਵੇਂ ਨਾਨਕ ਦੀ ਬਾਣੀ ਵੈਰਾਗਮਈ ਹੈ?: ਭਾਗ 2

ਕਰਮਜੀਤ ਸਿੰਘ (ਅਮਰੀਕਾ)

**(ਲੜੀ ਜੋੜਨ ਲਈ ਭਾਗ 1 ਪਿਛਲੇ ਅੰਕ ਵਿਚ ਪੜ੍ਹੋ ਜੀ)**

ਗੁਰੁ ਤੇਗ ਬਹਾਦਰ ਸਾਹਿਬ ਵਲੋਂ ਕੁਝ ਹੋਰ ਤੁਕਾਂ ਬਾਰੇ ਵਿਚਾਰ:

**"ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥" (ਅੰਕ 450)**

**ਅਰਥ:** ਮੈਂ ਦੈਵੀ ਗੁਣ ਨਹੀਂ ਸਿੱਖੇ, ਇਸ ਲਈ ਮੇਰਾ ਅਧਿਆਤਮਿਕ ਜੀਵਨ ਬਰਬਾਦ ਹੋ ਰਿਹਾ ਹੈ। ਨਾਨਕ ਕਹਿੰਦੇ ਹਨ, ਸਦਾ ਕਰਤਾਰ ਨੂੰ ਸੱਚੇ ਪਿਆਰ ਅਤੇ ਸ਼ਰਧਾ ਨਾਲ ਆਪਣੇ ਵਿਚਾਰਾਂ ਵਿੱਚ ਵਸਾ ਕੇ ਰੱਖੋ।

ਗੁਰੁ ਤੇਗ ਬਹਾਦਰ ਸਾਹਿਬ ਵਲੋਂ ਕੁਝ ਅੰਕ 1426 ਤੇ ਤੁਕਾਂ ਬਾਰੇ ਵਿਚਾਰ:

**"ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥ ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥"**

**ਅਰਥ:** ਤੁਸੀਂ ਵਿਕਾਰਾਂ 'ਤੇ ਇੰਨਾ ਧਿਆਨ ਕਿਉਂ ਦਿੰਦੇ ਹੋ ਕਿ ਤੁਸੀਂ ਉਨ੍ਹਾਂ ਨੂੰ ਇੱਕ ਪਲ ਲਈ ਵੀ ਕਰਨਾ ਬੰਦ ਨਹੀਂ ਕਰ ਸਕਦੇ? ਨਾਨਕ ਕਹਿੰਦੇ ਹਨ ਕਰਤਾਰ ਨੂੰ ਆਪਣੇ ਵਿਚਾਰਾਂ ਵਿੱਚ ਰੱਖੋ ਤਾਂ ਜੋ ਤੁਸੀਂ ਵਿਕਾਰਾਂ ਦੇ ਜਾਲ ਵਿੱਚ ਨਾ ਫਸੋ:

**"ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥ ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥"**

**ਅਰਥ:** ਬੁਰੀਆਂ ਆਦਤਾਂ (ਵਿਕਾਰਾਂ) ਵਿੱਚ ਫਸ ਕੇ ਮੈਂ ਆਪਣੀ ਜਵਾਨੀ ਬਰਬਾਦ ਕਰ ਰਿਹਾ ਹਾਂ ਅਤੇ ਅਧਿਆਤਮਿਕ ਤੌਰ 'ਤੇ ਕਮਜ਼ੋਰ ਹੋ ਗਿਆ ਹਾਂ। ਨਾਨਕ ਕਹਿੰਦੇ ਹਨ, ਇਹ ਮਹਿਸੂਸ ਕਰੋ ਕਿ ਕਰਤਾਰ ਨੇੜੇ ਹੈ, ਅਤੇ ਤੁਹਾਡਾ ਜੀਵਨ ਵਿਅਰਥ ਜਾ ਰਿਹਾ ਹੈ।

**"ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥"**

**ਅਰਥ:** ਬੁਢਾਪੇ ਨੇ ਮੈਨੂੰ ਪਰੇਸ਼ਾਨ ਕਰ ਦਿੱਤਾ, ਅਤੇ ਮੌਤ ਉਡੀਕ ਕਰ ਰਹੀ ਹੈ। ਨਾਨਕ ਪੁੱਛਦੇ ਹਨ: ਹੇ ਮੂਰਖ ਮਨ, ਤੂੰ ਆਪਣੇ ਅੰਦਰ ਕਰਤਾਰ ਨੂੰ ਕਿਉਂ ਨਹੀਂ ਲੱਭਿਆ?

**"ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥ ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥"**

**ਅਰਥ:** ਮੈਂ ਸੋਚਿਆ ਸੀ ਕਿ ਸਾਰਾ ਪੈਸਾ ਅਤੇ ਚੀਜ਼ਾਂ ਜਿਨ੍ਹਾਂ ਦੀ ਮੈਂ ਰਾਖੀ ਕਰ ਰਿਹਾ ਸੀ, ਉਹ ਮੇਰੀਆਂ ਹਨ, ਪਰ ਇਨ੍ਹਾਂ ਵਿੱਚੋਂ ਕੋਈ ਵੀ ਮੇਰੇ ਅਧਿਆਤਮਿਕ ਸਫ਼ਰ ਵਿੱਚ ਮੇਰੇ ਨਾਲ ਨਹੀਂ ਜਾਂਦੀ। ਨਾਨਕ ਕਹਿੰਦੇ ਹਨ: ਤੁਹਾਨੂੰ ਇਸ ਸੱਚਾਈ ਨੂੰ ਸਵੀਕਾਰ ਕਰਨ ਦੀ ਲੋੜ ਹੈ।

ਹੋਰ ਗੁਰੁ ਸਾਹਿਬਾਂ ਤੇ ਭਗਤ ਸਾਹਿਬਾਂ ਵਲੋਂ ਕੁਝ ਬਾਣੀ ਦੀਆਂ ਉਦਾਹਰਣਾਂ:

ਮਹਲਾ 1 **"ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ॥" (ਅੰਕ 598)**

**ਮਹਲਾ 1 "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥" (ਅੰਕ 140)**

**ਮਹਲਾ 1 "ਮਨਿ ਅੰਧੈ ਜਨਮੁ ਗਵਾਇਆ॥" (ਅੰਕ 464)**

**ਮਹਲਾ 2 "ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥" (ਅੰਕ 954)**

**ਮਹਲਾ 4 "ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥ ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥॥" (ਅੰਕ 450)**

ਮਹਲਾ 5 **"ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥" (ਅੰਕ 784)**

**ਭਗਤ ਫਰੀਦ "ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥" (ਅੰਕ 1382)**

ਗੁਰਬਾਣੀ ਦੀਆਂ ਉਪਰਲੀਆਂ ਸਭ ਤੁਕਾਂ ਦੱਸਦੀਆਂ ਹਨ ਕਿ ਸੰਸਾਰ ਵਿੱਚ ਆਮ ਹਾਲਾਤ ਕੀ ਹਨ; ਇਸਦਾ ਅਧਿਆਤਮਿਕਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਗੁਰਬਾਣੀ ਬਹੁਤ ਹੀ ਸਧਾਰਨ ਹੱਲ ਦੱਸਦੀ ਹੈ: ਕਰਤਾਰ ਦਾ ਨਾਮ ਜਪੋ।

## ਸਾਰਅੰਸ਼

- ਨੌਂਵੇ ਨਾਨਕ ਦੀ ਬਾਣੀ ਵੈਰਾਗਮਈ ਨਹੀਂ ਹੈ।
- ਬਾਕੀ ਸਾਰੀ ਬਾਣੀ ਦੀ ਤਰ੍ਹਾਂ ਇਹ ਵੀ ਇਨਸਾਨ ਨੂੰ ਰੂਹਾਨੀ (ਅਧਿਆਤਮਿਕ), ਸਚਿਆਰਾ ਬਨਾਉਣ ਲਈ ਲਿਖੀ ਗਈ ਹੈ।
- ਸਾਨੂੰ ਸ਼ਾਬਦਿਕ (literal) ਦੇ ਬਦਲੇ ਅਧਿਆਤਮਿਕ ਅਰਥ ਸਮਝਣੇ ਚਾਹੀਦੇ ਹਨ।
- ਨਾਲ ਹੀ ਕੁਝ ਹੋਰ ਨਿਯਮਾਂ ਨੂੰ ਵੀ ਧਿਆਨ ਵਿੱਚ ਰਖਣਾਂ ਪਵੇਗਾ। ਜਿਵੇਂ:
  - ਰਹਾਉ ਦੀ ਮਹਤਤਾ
  - ਸੰਧਰਭ (context)
  - ਅੰਦਰੂਨੀ ਤਰਕ (inner rationality)
  - ਬਾਣੀ ਮੇਰੇ ਲਈ ਲਿਖੀ ਗਈ ਹੈ (first person interpretation)
  - ਅਕਾਲ ਪੁਰਖ ਕੁਦਰਤ ਦੇ ਅੰਦਰ ਵਸਦਾ ਹੈ।
  - ਗੁਰਬਾਣੀ ਨੂੰ ਗੁਰਬਾਣੀ ਦੁਆਰਾ ਹੀ ਸਮਝਣਾ।

## ਆਖਰੀ ਵਿਚਾਰ

- ਮੈਂ ਜਦੋਂ ਗੁਰਬਾਣੀ ਦਾ ਕੋਈ ਵੀ ਸ਼ਬਦ ਪੜਾਂ ਤਾਂ ਮੈਨੂੰ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਇਸ ਵਿੱਚ ਮੇਰੇ ਲਈ ਸਚਿਆਰ ਅਤੇ ਇਸ ਜੀਵਨ ਵਿੱਚ ਜੀਵਨ-ਮੁਕਤ ਹੋਣ ਲਈ ਸਿੱਖਿਆ ਅਤੇ ਪ੍ਰੇਰਣਾ ਹੈ।
- ਸੰਸਾਰਿਕ ਰਸਮਾਂ ਲਈ ਵੱਖੋ-ਵੱਖ ਬਾਣੀ ਪੜੀ ਜਾ ਸਕਦੀ ਹੈ। ਜਿਵੇਂ ਲਾਵਾਂ ਲਈ, ਮਰਨ ਦੇ ਭੋਗ ਵੇਲੇ, ਜਨਮ ਦਿਨ ਮਨਾਣ ਵੇਲੇ, ਸੌਣ ਵੇਲੇ।
- ਪਰ ਇਹ ਮੰਨਣਾਂ ਕਿ ਇਹ ਬਾਣੀਆਂ ਇਸ ਮੌਕੇ ਲਈ ਹੀ ਲਿਖਿਆਂ ਗਈਆਂ ਹਨ ਅਤੇ ਇਹਨਾਂ ਦਾ ਕੋਈ ਰੂਹਾਨੀ ਆਸ਼ਯ ਨਹੀਂ - ਗਲਤ ਹੈ।
- ਜਿਵੇਂ ਸਮੇਂ ਦਾ ਪਰਵਾਹ ਇਕ ਸਾਰ ਚਲਦਾ ਰਹਿੰਦਾ ਹੈ, ਪਰ ਦਿਨਾਂ ਦੇ ਨਾਮ ਅਲਗ-ਅਲਗ ਹਨ (ਸੋਮਵਾਰ, ਮੰਗਲਵਾਰ ਆਦਿ)। ਇਸੇ ਤਰ੍ਹਾਂ ਬਾਣੀ ਦਾ ਪਰਵਾਹ ਇਕ ਸਾਰ ਹੈ, ਬਾਣੀਆਂ ਦੇ ਨਾਮ ਅਲਗ-ਅਲਗ ਹਨ।

# ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 3

ਡਾ. ਤਰਲੋਕ ਸਿੰਘ, ਥੰਡਰ ਬੇ, ਕੈਨੇਡਾ

## ਨਾਮ ਨੂੰ ਮੰਨਣ ਦੇ ਕੀ ਫਾਇਦੇ ਹਨ?

ਨਾਮ ਨੂੰ ਮੰਨਣ ਵਾਲ਼ੇ ਮਨੁੱਖ (ਜਿਸ ਨੇ (ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ; ਭਾਵ ਜਿਸ ਦੀ ਲਗਨ ਨਾਮ ਵਿਚ ਲੱਗ ਗਈ ਹੈ) ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ:

**"ਮੰਨੇ ਕੀ ਗਤਿ ਕਹੀ ਨ ਜਾਇ ॥"** (ਅੰਕ 3)

ਸੁਰਤਿ ਉੱਚੀ ਹੋ ਜਾਂਦੀ ਹੈ, ਮਨ ਵਿਚ ਜਾਗ੍ਰਤੀ ਆ ਜਾਂਦੀ ਹੈ, (ਭਾਵ, ਮਾਇਆ ਵਿਚ ਸੁੱਤਾ ਮਨ ਜਾਗ ਪੈਂਦਾ ਹੈ) ਅਤੇ ਬੁਧੀ ਤੇਜ/ਨਿਰਮਲ ਹੋ ਜਾਂਦੀ ਹੈ:

**"ਮੰਨੈ ਸੁਰਤਿ ਹੋਵੈ ਮਨਿ ਬੁਧਿ ॥"** (ਅੰਕ 3)

ਸਾਰੇ ਭਵਨਾਂ (ਤਿੰਨਾਂ ਲੋਕਾਂ) ਦੀ ਉਸ ਨੂੰ ਸੋਝੀ ਹੋ ਜਾਂਦੀ ਹੈ (ਕਿ ਹਰ ਥਾਂ ਪ੍ਰਭੂ ਵਿਆਪਕ ਹੈ):

**"ਮੰਨੈ ਸਗਲ ਭਵਣ ਕੀ ਸੁਧਿ ॥"** (ਅੰਕ 3)

ਉਹ ਮਨੁੱਖ ਜਮ ਦੀਆਂ ਸੱਟਾਂ ਮੂੰਹ ਉੱਤੇ ਨਹੀਂ ਖਾਂਦਾ ਅਤੇ ਉਹ ਜਮਾਂ ਨਾਲ਼ ਨਹੀਂ ਜਾਂਦਾ (ਭਾਵ, ਉਹ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ):

**"ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥"** (ਅੰਕ 3)

ਪਰਮਾਰਥ ਦੇ ਮਾਰਗ ਤੇ ਕੋਈ ਰੋਕ ਨਹੀਂ ਪੈਂਦੀ ਤੇ ਸ਼ੋਭਾ ਖੱਟ ਕੇ ਇੱਜ਼ਤ ਨਾਲ਼ (ਪ੍ਰਲੋਕ) 'ਚ ਜਾਂਦਾ ਹੈ!:

**"ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥"** (ਅੰਕ 3)

ਉਹ ਮਨੁਖ ਭਟਕਣ ਵਾਲ਼ੇ (ਮਾਇਆ ਦੇ) ਰਸਤੇ ਤੇ ਨਹੀਂ ਪੈਂਦਾ ਅਤੇ ਉਸਦਾ ਸੰਬੰਧ ਧਰਮ (ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ਨਾਲ ਬਣ ਜਾਂਦਾ ਹੈ:

**"ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥"** (ਅੰਕ 3)

ਮੁਕਤੀ (ਗੁਰੂ) ਦੇ ਦਰ/ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ:

**"ਮੰਨੈ ਪਾਵਹਿ ਮੋਖੁ ਦੁਆਰੁ ॥"** (ਅੰਕ 3)

ਆਪਣੇ ਪਰਵਾਰ ਨੂੰ ਭੀ (ਅਕਾਲ ਪੁਰਖ ਦੀ) ਟੇਕ ਦ੍ਰਿੜ੍ਹ ਕਰਾਉਂਦਾ ਹੈ:

**"ਮੰਨੈ ਪਰਵਾਰੈ ਸਾਧਾਰੁ ॥"** (ਅੰਕ 3)

ਨਾਮ ਨੂੰ ਮੰਨਣ ਵਾਲ਼ਾ (ਗੁਰੂ) ਆਪ ਭੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਤੇ ਆਪਣੇ ਸਿੱਖਾਂ ਨੂੰ ਭੀ ਪਾਰ ਲੰਘਾਉਂਦਾ ਹੈ:

**"ਮੰਨੈ ਤਰੈ ਤਾਰੇ ਗੁਰੁ ਸਿਖ ॥"** (ਅੰਕ 3)

ਨਾਮ ਨੂੰ ਮੰਨਣ ਵਾਲ਼ੇ ਭਿਖਿਆ ਲਈ ਨਹੀਂ ਭੌਂਦੇ ਫਿਰਦੇ; ਭਾਵ ਕਿਸੇ ਹੋਰ ਦੇ ਦਰ ਤੇ ਮੰਗਣ ਨਹੀਂ ਜਾਂਦੇ:

**"ਮੰਨੈ ਨਾਨਕ ਭਵਹਿ ਨ ਭਿਖ ॥"** (ਅੰਕ 3)

ਸੁਖ ਪੈਦਾ ਹੁੰਦਾ ਹੈ ਤੇ ਉੱਚੀ ਆਤਮਕ ਅਵਸਥਾ ਬਣਦੀ ਹੈ:

**"ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥"** (ਅੰਕ 1241)

ਲੋਕ ਪ੍ਰਲੋਕ 'ਚ ਇੱਜ਼ਤ ਮਿਲਦੀ ਹੈ ਤੇ ਹਿਰਦੇ ਵਿਚ ਉਹ ਪ੍ਰਭੂ (ਆ ਵੱਸਦਾ ਹੈ):

**"ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥"** (ਅੰਕ 1241)

ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੇ (ਪਰਮਾਰਥ ਦੇ ਰਾਹ ਵਿਚ) ਕੋਈ ਰੋਕ ਨਹੀਂ ਪੈਂਦੀ:

**"ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥"** (ਅੰਕ 1241)

ਪਰਮਾਰਥਿਕ ਜੀਵਨ ਦਾ ਰਸਤਾ ਪ੍ਰਤੱਖ ਸਾਫ਼ ਦਿੱਸਣ ਲੱਗ ਪੈਂਦਾ ਹੈ, ਕਿਉਂਕਿ ਨਾਮ ਵਿਚ ਸਾਰਾ ਚਾਨਣ ਹੈ (ਆਤਮਕ ਜੀਵਨ ਦੀ ਸੂਝ ਹੈ):

**"ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥"** (ਅੰਕ 1241)

ਪੂਰੇ ਪਰਵਾਰ ਦਾ ਤੇ ਕੁਲ ਦਾ ਉਧਾਰ ਹੁੰਦਾ ਹੈ:

**"ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥"** (ਅੰਕ 1241)

ਜਿਨ੍ਹਾਂ ਬੰਦਿਆਂ ਨੇ ਨਾਮ ਨੂੰ ਹਿਰਦੇ ਵਿਚ ਵਸਾ ਲਿਆ ਹੈ ਉਹਨਾਂ ਦੀ ਸਾਰੀ ਸੰਗਤਿ (ਸੰਸਾਰ-ਸਮੁੰਦਰ ਤੋਂ) ਪਾਰ ਉਤਰ ਜਾਂਦੀ ਹੈ:

**"ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ॥"** (ਅੰਕ 1241)

ਜਿਨ੍ਹਾਂ ਨੇ ਜੀਭ ਨੂੰ ਨਾਮ ਨਾਲ਼ ਇਕ-ਰਸ ਕਰ ਲਿਆ, ਉਹ ਨਾਮ ਨੂੰ ਮੰਨ ਕੇ ਤੇ ਸੁਣ ਕੇ (ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦੇ ਹਨ (ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ):

**"ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ॥"** (ਅੰਕ 1241)

ਦੁੱਖ ਦੂਰ ਹੋ ਜਾਂਦੇ ਹਨ ਉਹਨਾਂ ਦੀ (ਮਾਇਆ ਵਾਲ਼ੀ) ਭੁੱਖ ਮਿਟ ਜਾਂਦੀ ਹੈ:

**"ਨਾਇ ਮੰਨਿਐ ਦੁਖ ਭੁਖ ਗਈ, ਜਿਨ ਨਾਮਿ ਚਿਤੁ ਲਾਇਆ॥"** (ਅੰਕ 1241)

ਭੈੜੀ ਮਤਿ ਦੂਰ ਹੋ ਜਾਂਦੀ ਹੈ ਤੇ (ਨਿਰਮਲ) ਮਤਿ ਚਮਕ ਪੈਂਦੀ ਹੈ:

**"ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥"** (ਅੰਕ 1242)

ਹਉਮੈ ਦੂਰ ਹੋ ਜਾਂਦੀ ਹੈ; ਸਾਰੇ ਹੀ ਰੋਗ ਨਾਸ ਹੋ ਜਾਂਦੇ ਹਨ:

**"ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥"** (ਅੰਕ 1242)

ਮਨ ਵਿਚ ਨਾਮ ਜਪਣ ਦਾ ਚਾਉ ਪੈਦਾ ਹੋ ਜਾਂਦਾ ਹੈ, ਅੰਦਰੋਂ ਨਾਮ ਪਰਗਟ ਹੁੰਦਾ ਹੈ ਤੇ ਸੁਤੇ ਸਿਧ (ਅਡੋਲ ਅਵਸਥਾ ਵਿਚ ਅੱਪੜ ਕੇ) ਸੁਖ ਦੀ ਪ੍ਰਾਪਤੀ ਹੁੰਦੀ ਹੈ:

**"ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ॥"** (ਅੰਕ 1242)

ਮਨ ਵਿਚ ਸ਼ਾਂਤੀ ਪੈਦਾ ਹੁੰਦੀ ਹੈ (ਅੰਦਰ ਠੰਢ ਵਰਤ ਜਾਂਦੀ ਹੈ), ਪ੍ਰਭੂ ਮਨ ਵਿਚ ਆ ਵੱਸਦਾ ਹੈ:

**"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ॥"** (ਅੰਕ 1242)

ਨਾਮ ਵਿਚ ਜੁੜਨ ਵਾਲ਼ੀ ਸੁਰਤੀ ਪੈਦਾ ਹੁੰਦੀ ਹੈ ਤੇ ਨਾਮ ਵਿਚ ਮਤਿ ਪ੍ਰਵਿਰਤ ਹੁੰਦੀ ਹੈ:

**"ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥"** (ਅੰਕ 1242)

ਮਨੁੱਖ ਪ੍ਰਭੂ ਦੇ ਗੁਣ ਉਚਾਰਨ ਲੱਗ ਪੈਂਦਾ ਹੈ ਤੇ ਨਾਮ ਵਿਚ ਹੀ ਸੁਖ/ਆਨੰਦ ਪ੍ਰਾਪਤ ਕਰਦਾ ਹੈ:

**"ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ॥"** (ਅੰਕ 1242)

ਮਾਇਆ ਦਾ ਭਰਮ ਕੱਟਿਆ ਜਾਂਦਾ ਹੈ ਤੇ ਫਿਰ (ਜੰਮਣ ਮਰਨ ਦਾ) ਦੁਖ ਨਹੀਂ ਹੁੰਦਾ:

**"ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥"** (ਅੰਕ 1242)

ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੀਦੀ ਹੈ ਤੇ ਪਾਪਾਂ ਵਾਲੀ ਮਤਿ ਧੁਪ ਜਾਂਦੀ ਹੈ:

**"ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥"** (ਅੰਕ 1242)

ਸੁਣਿਐ ਅਤੇ ਮੰਨਿਐ ਤੇ ਜਪੁਜੀ ਸਾਹਿਬ 'ਚ ਚਾਰ ਚਾਰ ਪਉੜੀਆਂ ਹਨ ਅਤੇ ਇੰਨੀਆਂ ਹੀ ਪਉੜੀਆਂ ਸਾਰੰਗ ਕੀ ਵਾਰ ਮਹਲਾ 4 'ਚ ਹਨ। ਲੇਕਿਨ ਜਿੰਨਾ ਚਿਰ ਸਾਰੰਗ ਕੀ ਵਾਰ ਮਹਲਾ 4

ਦਾ ਪਾਠ ਨਾ ਕਰੀਏ ਉੱਨਾ ਚਿਰ ਇਹ ਸਪਸ਼ਟ ਨਹੀਂ ਹੁੰਦਾ ਕਿ ਜਪੁਜੀ ਸਾਹਿਬ 'ਚ ਸੁਣਿਐ ਅਤੇ ਮੰਨਿਐ ਨਾਮ ਨੂੰ ਮੁਖਾਵਿਤ ਹਨ!

ਜ੍ਹਿਨਾਂ ਨੇ ਗੁਰੂ ਦੇ ਸ਼ਬਦ ਨੂੰ ਸੁਣ ਕੇ ਮੰਨਿਆ ਉਹਨਾਂ ਨਾਲ਼ ਕੀ ਹੁੰਦਾ ਹੈ? ਉਹਨਾਂ ਦਾ ਨਿਜ ਘਰ 'ਚ ਵਾਸਾ ਹੁੰਦਾ ਹੈ, ਉਹ ਆਪਣੇ ਮਨ 'ਚ ਦਿਨ ਰਾਤ ਪਰਮੇਸ਼ਰ ਦਾ ਧਿਆਨ ਧਰਦੇ (ਭਗਤੀ ਕਰਦੇ) ਹਨ ਤੇ ਉਹਨਾਂ ਦੇ ਮਨ ਤੇ ਤਨ ਨਿਰਮਲ ਹੋ ਜਾਂਦੇ ਹਨ:

**"ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥ ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥"** (ਅੰਕ 27)

# ਵਾਰਾਂ ਭਾਈ ਗੁਰਦਾਸ: ਭਾਗ ਛੇਵਾਂ

ਜਸਵਿੰਦਰ ਸਿੰਘ ਰੁਪਾਲ

**ਮੂਲ ਪਾਠ (ਵਾਰ ੧ ,ਪਉੜੀ ੬): ਤਥਾਚ**

**ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ।**

**ਨਉ ਹਿਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ।**

**ਦੁਆਪੁਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।**

**ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ।**

**ਖਤ੍ਰੀ ਥਾਪੇ ਜੁਜਰੁ ਵੇਦਿ ਦੇਖਣ ਮੁਖਿ ਬਹੁ ਦਾਨ ਦਾਤਾਰਾ।**

**ਵੈਸੋਂ ਥਾਪਿਆ ਸਿਆਮ ਵੇਦੁ ਪਛਮ ਮੁਖਿ ਕਰਿ ਸੀਸੁ ਨਿਵਾਰਾ।**

**ਰਿਗਿ ਨੀਲੰਬਰ ਜੁਜਰ ਪੀਤ ਸ੍ਵੇਤੰਬਰਿ ਕਰਿ ਸਿਆਮ ਸੁਧਾਰਾ।**

**ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ॥੬॥**



**ਸਰਲ ਅਰਥ**

ਪਿਛਲੀ ਪਉੜੀ ਵਿੱਚ ਚਾਰ ਜੁਗਾਂ ਦਾ ਜਿਕਰ ਕਰ ਕੇ ਸਤਿਜੁਗ ਦੀ ਗੱਲ ਕੀਤੀ ਸੀ। ਇਸ ਪਉੜੀ ਵਿੱਚ ਅਗਲੇ ਜੁੱਗਾਂ ਬਾਰੇ ਦੱਸ ਰਹੇ ਹਨ। ਤ੍ਰੇਤੇ ਜੁੱਗ ਵਿੱਚ ਛਤ੍ਰੀ ਯਾਨੀ ਖੱਤਰੀ ਰੂਪ ਵਿੱਚ ਸੂਰਜ ਬੰਸੀ ਕੁੱਲ ਵਿੱਚ ਰਾਮ ਚੰਦਰ ਵੱਡਾ ਅਵਤਾਰ ਹੋਇਆ। ਇਸ ਸਮੇਂ ਮਨੁੱਖਾਂ ਦੀ ਉਮਰ ਨੌਂ ਹਿੱਸੇ ਘਟ ਗਈ। ਸਤਿ ਜੁੱਗ ਵਿਚ ਜਿਹੜੀ ਇੱਕ ਲੱਖ ਸਾਲ ਸੀ, ਉਹ ਨੌਂ ਹਿੱਸੇ ਯਾਨੀ ਨੱਬੇ ਹਜਾਰ ਘਟ ਕੇ ਦਸ ਹਜਾਰ ਸਾਲ ਰਹਿ ਗਈ। ਇਸ ਜੁੱਗ ਵਿੱਚ ਮਾਇਆ ਮੋਹ ਅਤੇ ਹੰਕਾਰ ਦਾ ਪਸਾਰਾ ਹੋ ਗਿਆ। ਇਸ ਤੋਂ ਅਗਲਾ ਜੁੱਗ ਦੁਆਪੁਰਿ ਜੁੱਗ ਸੀ। ਇਸ ਜੁੱਗ ਵਿੱਚ ਯਾਦਵ ਕੁੱਲ ਦੇ ਰਾਜੇ ਚੰਦਰ ਬੰਸੀ ਕੁੱਲ ਦੇ ਵਾਸਦੇਵ ਦੇ ਘਰ ਕ੍ਰਿਸ਼ਨ ਜੀ ਆਏ। ਹਰ ਇੱਕ ਜੁੱਗ ਵਿੱਚ ਉਮਰ ਅਤੇ ਕਰਤੱਬ ਪਹਿਲਾਂ ਨਾਲੋਂ ਘਟਦੇ ਗਏ। ਇਸ ਜੁੱਗ ਵਿੱਚ ਉਮਰ ਦਸ ਹਜਾਰ ਤੋਂ ਇੱਕ ਹਜ਼ਾਰ ਸਾਲ ਰਹਿ ਗਈ ।

ਸਤਿਜੁੱਗ ਵਿੱਚ ਬ੍ਰਾਹਮਣ ਰਿਗ ਵੇਦਿ ਵਿਚੋਂ ਪੂਰਬ ਵੱਲ ਮੂੰਹ ਕਰਕੇ ਸ਼ੁਭ ਕਰਮ (ਯੱਗ ਆਦਿ) ਕਰਵਾਉਂਦੇ ਸਨ। ਉਹ ਪੂਰਬ ਦਿਸ਼ਾ ਵਿੱਚ ਪ੍ਰਭੂ ਦਾ ਨਿਵਾਸ ਮੰਨਦੇ ਸਨ। ਤ੍ਰੇਤੇ ਜੁੱਗ ਵਿੱਚ ਥਾਪੇ ਹੋਏ ਖਤ੍ਰੀ ਜਜ਼ੁਰ ਵੇਦ ਅਨੁਸਾਰ ਦੱਖਣ ਵੱਲ ਮੂੰਹ ਕਰਕੇ ਬਹੁਤ ਕਿਸਮ ਦੇ ਦਾਨ ਆਦਿ ਕਰਵਾਉਂਦੇ ਰਹੇ। (ਉਹ ਦੱਖਣ ਦਿਸ਼ਾ ਵਿੱਚ ਹਰੀ ਦਾ ਵਾਸਾ ਮੰਨਦੇ ਸਨ) ਅਗਲੇ ਜੁੱਗ ਵਿੱਚ ਵੈਸ਼ ਲੋਕਾਂ ਨੇ ਸਿਆਮ ਵੇਦ (ਸਾਮ ਵੇਦ ਵੀ ਕਹਿੰਦੇ ਹਨ) ਲੈ ਲਿਆ, ਅਤੇ ਉਹ ਪੱਛਮ ਦਿਸ਼ਾ ਵੱਲ ਮੁੱਖ ਕਰਕੇ ਸੀਸ ਨਿਵਾਉਣ ਲੱਗੇ। (ਉਹਨਾਂ ਨੇ ਹਰੀ ਨੂੰ ਪੱਛਮ ਦਿਸ਼ਾ ਵਿੱਚ ਜਾਣਿਆ) ਰਿਗ ਵੇਦ ਵਿੱਚ ਨੀਲੇ ਕੱਪੜੇ, ਜਜ਼ੁਰ

ਵੇਦ ਵਿੱਚ ਪੀਲੇ, ਸਾਮ ਵੇਦ ਪੜ੍ਹਨ ਸਮੇਂ ਚਿੱਟੇ ਕੱਪੜੇ ਪਹਿਨ ਕੇ ਪਾਠ ਕਰਦੇ ਸਨ। ਤਿੰਨਾਂ ਜੁੱਗਾਂ ਦੇ ਤਿੰਨੇ ਧਰਮ ਆਪੋ ਆਪਣੇ ਨਿਯਮ ਉਚਾਰਦੇ ਸਨ।

## ਇਸ ਤੇ ਵਿਚਾਰ

ਭਾਈ ਗੁਰਦਾਸ ਜੀ ਉਸ ਸਮੇਂ ਪ੍ਰਚੱਲਿਤ ਵਿਸ਼ਵਾਸ਼ਾਂ ਬਾਰੇ ਵਿਸਥਾਰ ਪੂਰਵਕ ਦੱਸਦੇ ਹਨ। ਚਾਰ ਯੁੱਗਾਂ (ਸਤਿਜੁੱਗ, ਤ੍ਰੇਤਾ, ਦੁਆਪੁਰਿ ਅਤੇ ਕਲਿਜੁੱਗ) ਬਾਰੇ ਦੱਸ ਕੇ ਉਹਨਾਂ ਜੁੱਗਾਂ ਦੇ ਮੁੱਖ ਅਵਤਾਰ, ਮੁੱਖ ਗ੍ਰੰਥ, ਮੁੱਖ ਵਿਸ਼ਵਾਸ਼ ਕਿਹੜੇ ਸਨ, ਇਹਨਾਂ ਬਾਰੇ ਚਾਨਣਾ ਪਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੱਖ ਵੱਖ ਬਾਣੀਕਾਰਾਂ ਨੇ ਵੀ ਜੁੱਗਾਂ ਅਤੇ ਉਹਨਾਂ ਦੇ ਵਿਸ਼ਵਾਸ਼ਾਂ ਦਾ ਜਿਕਰ ਕੀਤਾ ਗਿਆ ਹੈ। ਇਹ ਮੰਨਿਆ ਜਾਂਦਾ ਸੀ ਕਿ ਸਤਿਜੁੱਗ ਵਿਚ ਮਨੁੱਖ ਦੀ ਉਮਰ ਇੱਕ ਲੱਖ ਸਾਲ, ਤ੍ਰੇਤੇ ਵਿਚ ਦਸ ਹਜਾਰ ਸਾਲ, ਦੁਆਪੁਰਿ ਵਿਚ ਹਜਾਰ ਸਾਲ ਅਤੇ ਕਲਿਜੁੱਗ ਵਿਚ ਸੌ ਸਾਲ ਹੈ। ਇਸੇ ਤਰਾਂ ਸਤਿਜੁੱਗ ਵਿੱਚ ਬ੍ਰਾਹਮਣ ਅਤੇ ਰਿਗਵੇਦ, ਤ੍ਰੇਤੇ ਵਿਚ ਖਤ੍ਰੀ ਅਤੇ ਜਜ਼ੁਰ ਵੇਦ, ਦੁਆਪੁਰਿ ਵਿੱਚ ਵੈਸ਼ ਅਤੇ ਸਾਮ ਵੇਦ ਦਾ ਪ੍ਰਭਾਵ ਰਿਹਾ। ਸ਼ੂਦਰਾਂ ਨੂੰ ਵੇਦ ਪੜ੍ਹਨ ਦਾ ਅਧਿਕਾਰ ਨਹੀਂ ਸੀ।

## ਮੇਲ ਖਾਂਦੇ ਗੁਰਬਾਣੀ ਫੁਰਮਾਨ

ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਦਰਜਾ ਹਾਸਿਲ ਹੈ, ਇਸ ਤੋਂ ਭਾਵ ਇਹ ਹੈ ਕਿ ਭਾਈ ਗੁਰਦਾਸ ਜੀ ਦੀ ਲਿਖਤ ਵਿਚ ਗੁਰਬਾਣੀ ਵਿਚ ਆਏ ਗੁਰਮਤਿ ਸਿਧਾਂਤਾਂ ਦੀ ਹੀ ਵਿਆਖਿਆ ਹੈ। ਅਸੀਂ ਹੇਠਾਂ ਗੁਰਬਾਣੀ ਦੇ ਕੁਝ ਫੁਰਮਾਨ ਹਵਾਲੇ ਵਜੋਂ ਦੇ ਰਹੇ ਹਾਂ, ਜਿਹਨਾਂ ਬਾਰੇ ਆਖ ਸਕਦੇ ਹਾਂ ਕਿ ਭਾਈ ਸਾਹਿਬ ਨੂੰ ਉਪਰੋਕਤ ਪਉੜੀ ਲਿਖਦੇ ਸਮੇਂ ਇਹ ਫੁਰਮਾਨ ਜਰੂਰ ਯਾਦ ਆਏ ਹੋਣਗੇ। (ਇਹਨਾਂ ਦੇ ਅਰਥ ਪਾਠਕ ਆਪ ਗੁਰੂ ਗ੍ਰੰਥ ਸਾਹਿਬ ਦਰਪਣ ਤੋਂ ਵਿਚਾਰ ਲੈਣ)

*** ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥ (ਪੰਨਾ ੪੭੦)**

*** ਸਤਜੁਗਿ ਸਤੁ ਤੇਤਾ ਜਗੀ ਦੁਆਪੁਰਿ ਪੂਜਾਚਾਰ॥ (ਪੰਨਾ ੩੪੬)**

*** ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥ (ਪੰਨਾ ੧੩੪੯)**

*** ਸਾਮ ਵੇਦੁ ਰਿਗੁ ਜੁਜਰੁ ਅਥਰਬਣੁ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ॥ (ਪੰਨਾ ੧੦੩੮)**

**Why There is no woman Guru: Part 3**

Dr. Kala Singh (kala.singh18@gmail.com

**(Kindly read Part 1 and 2 to establish link)**

### How Guru is chosen

Why no women of that time could come up to lead society? Or why does a male-dominated society never accept women as its leader? Why are Moses, Jesus, Prophet Mohammed, Budha, Mahavir Jain, etc are all male? The answer lies in the historical context, and not in the ideological Context.

In a world religions, women not only were deprived of equal rights but women were also condemned to abase them. The priesthood had established firm rules to ensure that society always remain male-dominated. There has never been any successful movement of women against male-dominated society in any part of the world, also because no religion has equated women with equal status.

Guru Nanak was the first to give women equal rights in 1499 AD. In USA, Colorado was the first state to adopt an amendment granting women the right to vote in 1893 AD. Michigan, South Dakota and Oklahoma were last in 1918 AD, but no one knows the contribution of Guru Nanak on women's rights. Even today women all over the world are considered second class citizen and even paid less than men for the same job. Atrocities like rape, burning alive for dowry etc. are still being committed on women.

Though Gurus gave equal rights to women and worked to raise their status in the society, women did not reach that pinnacle of spiritually that they could have been chosen as Guru. Women were given Manjies but no woman came forward to be Panj Piyaras.

**Gurus were not installed but chosen as per their spirituality as per Shabds. The system to choose a Guru was not through Seva as we hear in the Sakhies but through their level of spirituality as per Shabds.**

**ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ॥ ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥ (ਪੰਨਾ 1391)**

O Guru Angad! Through teachings of the Guru, you have conquered the world of Maya; there is no duality in your mind. By dwelling in the Divine Virtues, your mind remains in a state of complete bliss. O Kalasahar! Say – "By imbibing Divine Virtues through teachings of the Guru

(**ਪਰਸ ਮੁਰਾਰ**) the glory of Lehna is spreading everywhere.

**ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥ ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਰੁਰੀਯਾ॥ (ਪੰਨਾ 1392)**

The Divine Virtues in which Nanak is blessed, in the same Divine Virtues mind of Lehna is stabilsed. Nanak delighted in the Naam; He established Lehnaa as Guru, who was imbbibed with all supernatural spiritual powers. Says Kall the poet: because of that spiritual wisdom the glory of Amar Das is spread throughout the world.

**ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ॥ ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ॥ (ਪੰਨਾ 1397)**

Guru Ramdas Ji has attained spiritual knowledge through contemplation, his mind is united with the Divine Virtues. Guru Ramdas Ji has met Guru Amardas Paras (by whose blessings Guru Ramdas) has attained the state of Sahaj. By the grace of Satguru Amardas Ji, Guru Ramdas has attained a high position and his treasures are filled with the love of devotion.

**ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥ ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥ (ਪੰਨਾ 1399)**

First, Guru Nanak appeared in the form of the moon, illuminating the world to save humanity and the entire world rejoiced. Then Guru Nanak bestowed upon Guru Angad the treasure of spiritual knowledge which is difficult to fathom, due to which Guru Angad conquered the five enemies of lust, and he no longer feared them.

**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥ (ਪੰਨਾ 1408)**

Guru Philosopher's Stone, does not only transform one into gold but also another Guru Philosopher's Stone capable of transforming others into Guru Philosopher's Stone (PARAS).

**ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥ (ਪੰਨਾ 27)**

By personally experiencing the Personality of the Guru (Virtues), one's own personality (Virtues) is uplifted, and one's light (Virtues) merges into the Light (Virtues) of the Guru.

**ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ॥ (ਪੰਨਾ 421)**

Meeting the Guru (Getting Spiritual Knowledge from Guru), one becomes invaluable; his light (Virtues) merges into the Light (Virtues) of the Guru.

## Conclusions

Guru gave equality to both man and woman as per Shabd:

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (ਪੰਨਾ 788)**

Bhagats and Gurus used the prevalent thinking of the time to make their point. For example Goldsmith (**ਸੁਨਿਆਰ), **Farmer **(ਕਿਰਸਾਣ),** Yogi **(ਜੋਗੀ)** They used Puranic mythology though they did not believe them. For example **ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥ ਹਰਣਾਖਸੁ, ਪ੍ਰਹਲਾਦੁ, ਚਿਤੁ ਗੁਪਤੁ, ਈਸਰੁ,ਬਰਮਾ, ਇੰਦ। ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**

In the same way they used husband and wife. The society was male dominated. Wife was totally dependent upon husband for everything. Though Guru gave equality to women but used the prevalent situation to make their point that God is **ਖਸਮ ਪ੍ਰਭੂ** and human being is **ਜੀਵ ਇਸਤਰੀ** who wait for the husband and yearn for his love. That did not mean that Gurus approved and accepted that situation as of Puranic mythology.

God is neither male nor female in Gurbani, **ਨਾਰਿ ਨ ਪੁਰਖੁ ਕਹਹੁ ਕੋਉ ਕੈਸੇ** and abides in the (Mann) mind. Gurus not only used the prefix of **ਖਸਮ-ਪ੍ਰਭੂ** for God but **ਸੁਲਤਾਨ, ਮਾਤਾ, ਪਿਤਾ** also and not only **ਜੀਵ-ਇਸਤ੍ਰੀ** for human being but **ਦਾਸੀਆਂ, ਗੋਲਾ** also because they are also dependent upon **ਸੁਲਤਾਨ** and children upon **ਮਾਤ, ਪਿਤਾ.**

Overall, there is no woman Guru because of the prevalent condition of the women though Gurus gave equality to the women, but no one was able to reach that state of spirituality that they could become a Guru. Guru was chosen as per **ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥**

Guru Nanak did not choose his sons to be next Guru but a Sikh Bhai Lehna Ji and so and so on.

# ਗੁਰਬਾਣੀ ਵਿਚ ਬਿੰਦੀ, ਟਿੱਪੀ ਅਤੇ ਅੱਧਕ ਦਾ ਉਚਾਰਨ: ਭਾਗ 1

ਤਜਿੰਦਰ ਕੌਰ (ਨਵੀਂ ਦਿੱਲੀ)

ਜਿਆਦਾਤਰ ਲੋਕਾਂ ਵਲੋਂ ਇਹ ਸਵਾਲ ਕੀਤਾ ਜਾਂਦਾ ਹੈ ਕਿ ਜੇਕਰ ਗੁਰਬਾਣੀ ਵਿੱਚ ਬਿੰਦੀਆਂ ਨਹੀਂ ਲਗੀਆਂ ਤਾਂ ਉਚਾਰਨ ਕਿਓਂ ਕਰੀਏ? ਪਰ ਸਾਨੂੰ ਇਸ ਨਾਲ ਜੁੜੇ ਇੱਕ ਹੋਰ ਸਵਾਲ ਵੱਲ ਧਿਆਨ ਦੇਣ ਦੀ ਲੋੜ ਹੈ, ਜਿਸ ਨਾਲ ਇਸ ਸਵਾਲ ਦਾ ਜਵਾਬ ਸਹਿਜੇ ਹੀ ਸਮਝ ਆ ਜਾਏਗਾ ਕਿ ਗੁਰਬਾਣੀ ਵਿੱਚ ਬਿੰਦੀਆਂ ਕਿਓਂ ਨਹੀਂ ਲਗਾਈਆਂ ਗਈਆਂ? ਸਿਰਫ਼ ਬਿੰਦੀਆਂ ਹੀ ਨਹੀਂ, ਇਹ ਗੱਲ ਟਿੱਪੀਆਂ ਅਤੇ ਅੱਧਕ ਤੇ ਵੀ ਲਾਗੂ ਹੁੰਦੀ ਹੈ। ਇਸ ਵਿਸ਼ੇ ਨੂੰ ਸਮਝਣ ਵਾਸਤੇ ਸਾਨੂੰ ਪਹਿਲਾਂ ਇਹ ਸਮਝਣਾ ਪਵੇਗਾ ਕਿ ਆਖਿਰ, ਗੁਰਬਾਣੀ ਦੇ ਲਿਖਤੀ ਰੂਪ ਵਿੱਚ, ਲੱਗਾਖਰ (ਬਿੰਦੀ, ਟਿੱਪੀ ਅਤੇ ਅੱਧਕ) ਦੀ ਵਰਤੋਂ ਇਤਨੀ ਘੱਟ ਕਿਓਂ ਹੈ।

ਦਰਅਸਲ, ਪੁਰਾਤਨ ਲਿਖਣ ਸ਼ੈਲੀ ਵਿੱਚ, ਸ਼ਬਦਾਂ ਨੂੰ ਵੱਖ-ਵੱਖ ਕਰਕੇ ਲਿਖਣ ਦਾ ਰਿਵਾਜ ਨਹੀਂ ਸੀ। ਜਿਵੇਂ ਕਿ ਅਸੀਂ ਦੇਖਦੇ ਹਾਂ, ਕਿ ਪੁਰਾਤਨ ਹੱਥ-ਲਿਖਤ ਬੀੜਾਂ ਲੜੀਵਾਰ ਹੁੰਦੀਆਂ ਸਨ। ਪੁਰਾਤਨ ਲਿਖਣ ਸ਼ੈਲੀ ਦੀ ਇਹ ਵਿਸ਼ੇਸ਼ਤਾ, ਸਿਰਫ਼ ਗੁਰਮੁਖੀ (ਗੁਰਬਾਣੀ) ਤਕ ਹੀ ਸੀਮਿਤ ਨਹੀਂ ਸੀ, ਬਲਕਿ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਹਿੰਦੀ, ਬ੍ਰਿਜ ਅਤੇ ਅਵਧੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਇਹ ਹੀ ਨਿਯਮ ਲਾਗੂ ਹੁੰਦਾ ਸੀ। ਸਾਰੀ ਪੰਕਤੀ, ਇੱਕੋ ਹੀ ਲੜੀ ਵਿੱਚ ਜੋੜ ਕੇ ਲਿਖੀ ਜਾਂਦੀ ਸੀ, ਜਿਸ ਨੂੰ ਲੜੀਵਾਰ ਲਿਖਤ, ਜਾਂ ਸੰਸਕ੍ਰਿਤ ਵਿੱਚ "ਸੰਹਿਤਾ ਪਾਠ", ਕਿਹਾ ਜਾਂਦਾ ਹੈ। ਅੱਜ ਅਸੀਂ ਇਸਨੂੰ Calilgraphy ਜਾਂ Conitnuous writing ਕਹਿੰਦੇ ਹਾਂ।

ਸੰਸਕ੍ਰਿਤ ਜਾਂ ਹਿੰਦੀ ਨੂੰ ਦੇਵਨਾਗਰੀ ਲਿੱਪੀ ਵਿੱਚ ਲਿਖਦੇ ਸਮੇਂ ਪੂਰੀ ਪੰਕਤੀ ਦੇ ਉਪਰ ਇੱਕੋ ਸਿੱਧੀ ਲਕੀਰ, ਜਿਸ ਨੂੰ ਸ਼ਿਰੋਰੇਖਾ ਕਿਹਾ ਜਾਂਦਾ ਸੀ, ਖਿੱਚ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਲਿਖਣ ਦੇ ਕਾਰਣ ਕੀ ਸਨ?

1. ਉਸ ਸਮੇਂ ਅੱਜਕਲ ਵਾਂਗ ਪੇਪਰ ਨਹੀਂ ਸਨ ਹੁੰਦੇ। ਤਾੜ-ਪੱਤਰ, ਜਾਂ ਭੋਜਪੱਤਰ, ਜਾਂ ਕੱਪੜੇ ਉੱਤੇ ਲਿਖਿਆ ਜਾਂਦਾ ਸੀ, ਜੋ ਕਿ ਬਹੁਤ ਮਹਿੰਗੇ ਹੁੰਦੇ ਸਨ, ਅਤੇ ਇਨ੍ਹਾਂ ਦੀ ਉਪਲਭਧੀ (availability) ਵੀ ਕਾਫੀ ਸੀਮਿਤ ਹੁੰਦੀ ਸੀ। ਫਿਰ ਜਦੋਂ ਕਾਗਜ਼ ਬਣਨਾ ਸ਼ੁਰੂ ਹੋਇਆ ਤਾਂ ਉਹ ਹੱਥ ਨਾਲ ਹੀ ਬਣਾਇਆ ਜਾਂਦਾ ਸੀ, ਜੋ ਕਿ ਨਾ ਤਾਂ ਅੱਜ ਦੇ ਕਾਗਜ ਵਾਂਗ compressed ਹੁੰਦਾ ਸੀ ਤੇ ਨਾ ਹੀ smooth ਹੁੰਦਾ ਸੀ। ਨਾ ਹੀ ਬਹੁਤ ਜਿਆਦਾ ਮਿਕਦਾਰ ਵਿੱਚ ਬਣਦਾ ਸੀ, ਕਿਓਂਕਿ ਇਸ ਨੂੰ ਬਨਾਣ ਵਿੱਚ ਕਾਫੀ ਸਮਾਂ ਲੱਗਦਾ ਸੀ। ਇਸ ਲਈ ਮਹਿੰਗਾ ਵੀ ਹੁੰਦਾ ਸੀ। ਇਸ ਲਈ ਜਗ੍ਹਾ ਬਚਾਉਣ ਲਈ ਅਤੇ ਲਿਖਾਈ ਦੀ ਰਫ਼ਤਾਰ ਨੂੰ ਤੇਜ ਰਖਣ ਲਈਸ਼ਬਦਾਂ ਦੇ ਵਿਚਕਾਰ ਖਾਲੀ ਜਗ੍ਹਾ ਰਖਣ ਦਾ ਰਿਵਾਜ ਨਹੀਂ ਸੀ।

2. ਪੁਰਾਤਨ ਸਮੇਂ ਵਿੱਚ, ਕਲਮ ਬਾਂਸ ਜਾਂ ਕਾਹਨੇ (ਕਾਨੇ) ਦੀ ਅਤੇ ਸਿਆਹੀ ਹੱਥ ਨਾਲ ਬਣਾਈ ਜਾਂਦੀ ਸੀ। ਲੜੀਵਾਰ ਲਿਖਤ ਵਿੱਚ, ਨਾਸਕੀ ਧੁਨੀਆਂ ਲਈ, ਜੇਕਰ ਬਿੰਦੀਆਂ ਜਾਂ ਟਿੱਪੀਆਂ ਲਗਾਈ ਜਾਂਦੀਆਂ, ਤਾਂ ਸਿਆਹੀ ਫੈਲ ਕੇ, ਉੱਪਰਲੇ ਜਾਂ ਹੇਠਲੇ, ਸ਼ਬਦਾਂ ਨਾਲ ਮਿਲਣ ਦਾ ਡਰ ਹੁੰਦਾ ਸੀ, ਕਿਓਂਕਿ ਕਾਗਜ਼ smooth ਨਹੀਂ ਹੁੰਦਾ ਸੀ। ਜਿਸ ਨਾਲ ਲਿਖਤ ਜਾਂ ਪਾਠ ਅਸ਼ੁੱਧ ਹੋ ਸਕਦਾ ਸੀ। ਨਾਲ ਹੀ ਬਿੰਦੀਆਂ ਅਤੇ ਟਿੱਪੀਆਂ ਲਗਾਨ ਲਗਿਆਂ ਲਿਖਣ ਦੀ ਰਵਾਨਗੀ ਵੀ ਟੁੱਟਦੀ ਸੀ, ਸੋ ਸਮਾਂ ਅਤੇ ਗਤੀ, ਬਚਾਉਣ ਲਈ ਲਿਖਾਰੀ ਇਹ ਚਿੰਨ ਛੱਡ ਦਿੰਦੇ ਸਨ।

3. ਫਿਰ ਉਸ ਸਮੇਂ ਤਕ, ਲੱਗਾਖਰ, ਬਹੁਤੇ ਪ੍ਰਚਲਿਤ ਵੀ ਨਹੀਂ ਸਨ, ਅੱਧਕ ਚਿੰਨ ਵਜੂਦ ਵਿੱਚ ਨਹੀਂ ਸੀ ਆਇਆ। ਨਾਲੇ ਬਹੁਤੀਆਂ ਬਿੰਦੀਆਂ ਨਾਲ ਲਿਖਤ, ਬਹੁਤ ਹੀ ਭਰੀ ਹੋਈ, ਦਿਖਾਈ ਦਿੰਦੀ ਸੀ। ਲਿਖਤ ਨੂੰ ਸਾਫ ਸੁਥਰਾ

ਰਖਣ ਲਈ, ਸਿਰਫ਼ ਬੁਨਿਆਦੀ ਅੱਖਰ ਅਤੇ ਮੁਖ ਮਾਤਰਾਵਾਂ ਹੀ ਲਿਖੀਆਂ ਜਾਂਦੀਆਂ ਸਨ।

4. ਦੇਖਿਆ ਜਾਏ ਤਾਂ ਕਾਫੀ ਸਮੇਂ ਤਕ, ਭਾਰਤੀ ਲਿਖਣ-ਪਰੰਪਰਾ "ਸ਼ਰੁਤੀ", ਭਾਵ ਸੁਣਨ ਅਤੇ ਬੋਲਣ ਤੇ ਜਿਆਦਾ ਆਧਾਰਿਤ ਸੀ, ਲਿਖਣ ਤੇ ਘੱਟ। ਉਸ ਸਮੇਂ literacy rate ਵੀ ਬਹੁਤ ਘੱਟ ਸੀ, ਪੜਨਾ-ਲਿਖਣਾ ਕੁਝ ਖਾਸ ਵਰਗਾਂ, ਵਿਦਵਾਨਾਂ, ਗ੍ਰੰਥੀਆਂ ਜਾਂ ਲਿਖਾਰੀਆਂ ਤਕ ਹੀ ਸੀਮਿਤ ਸੀ। ਇਸ ਲਈ, ਗੁਰਮੁਖੀ, ਜਾਂ ਦੇਵਨਾਗਰੀ, ਲਿਪੀ ਲਿਖਣ ਵਾਲੇ ਮਹਾਂਪੁਰਸ਼ਾਂ ਅਤੇ ਲਿਖਾਰੀਆਂ ਦਾ ਇਹ ਵਿਸ਼ਵਾਸ਼ ਹੁੰਦਾ ਸੀ ਕਿ ਬਾਣੀ ਜਾਂ ਗ੍ਰੰਥ ਨੂੰ ਉਹੀ ਪੜ੍ਹੇਗਾ ਜਿਸ ਨੇ ਕਿਸੇ ਯੋਗ ਉਸਤਾਦ ਕੋਲੋਂ, ਇਸ ਗ੍ਰੰਥ ਨੂੰ ਸੰਥਿਆ ਦੇ ਰੂਪ ਵਿੱਚ ਸੁਣਿਆ ਹੋਵੇਗਾ। ਇਸੇ ਲਈ, ਲਿਖਤ ਨੂੰ ਸੰਖੇਪ ਅਤੇ ਲੜੀਵਾਰ ਰਖਿਆ ਗਿਆ ਅਤੇ ਉਚਾਰਨ ਦੀਆਂ ਬਾਰੀਕੀਆਂ, ਜਿਵੇਂ ਬਿੰਦੀਆਂ, ਟਿੱਪੀਆਂ ਅਤੇ ਅੱਧਕ ਨੂੰ, ਪਰੰਪਰਾ ਦੇ ਹਵਾਲੇ ਕਰ ਦਿੱਤਾ ਗਿਆ। ਕਿਉਂਕੀ ਲੜੀਵਾਰ ਲਿਖਤ ਹੋਣ ਕਾਰਣ, ਬਹੁਤੀ ਵਾਰ, ਇੱਕ ਸ਼ਬਦ ਤੇ ਲੱਗੀ ਬਿੰਦੀ, ਦੂਜੇ ਸ਼ਬਦ ਨਾਲ ਪੜੇ ਜਾਣ, ਨਾਲ ਉਚਾਰਨ ਵਿੱਚ ਫਰਕ ਪੈ ਸਕਦਾ ਸੀ।

5. ਲੜੀਵਾਰ ਲਿਖਤ ਦਾ ਇੱਕ ਫਾਇਦਾ ਇਹ ਵੀ ਸੀ ਕਿ, ਉਸ ਵਿੱਚ ਕੋਈ ਖਾਲੀ ਥਾਂ ਨਾ ਹੋਣ ਕਰਕੇ, ਬਾਅਦ ਵਿੱਚ ਕੋਈ ਹੋਰ ਮਨੁੱਖ ਵਾਧੂ ਸ਼ਬਦ ਜੋੜ ਕੇ, ਕਿਸੇ ਤਰ੍ਹਾਂ ਦੀ ਰੱਲ-ਗੱਡ ਨਹੀਂ ਸੀ ਕਰ ਸਕਦਾ। ਇਸ ਨਾਲ ਲਿਖਤ ਸੁਰੱਖਿਅਤ ਰਹਿੰਦੀ ਸੀ।

ਸਾਨੂੰ ਗੁਰਬਾਣੀ ਵਿੱਚ ਕਈ ਸ਼ਬਦਾਂ ਤੇ ਬਿੰਦੀਆਂ ਜਾਂ ਟਿੱਪੀਆਂ ਲਗੀਆਂ ਮਿਲ ਜਾਂਦੀਆਂ ਹਨ। ਉਹ ਸਾਡੇ ਵਾਸਤੇ, ਉਚਾਰਨ - ਸੇਧ ਹੈ, ਕਿ ਜਿੱਥੇ ਲੋੜ ਪਵੇ ਉੱਥੇ ਬਿੰਦੀ ਲਾ ਲਈ ਜਾਵੇ। ਇਹ ਸੇਧ ਹੈ ਕਿ ਬਿੰਦੀ ਜਾਂ ਟਿੱਪੀ ਲਗਾ ਕੇ ਪਾਠ ਕਰਨ ਤੋਂ ਸੰਕੋਚ ਨਹੀਂ ਕਰਨਾ ਹੈ। ਗੁਰਬਾਣੀ ਵਿੱਚ ਗੁਰੂ ਸਾਹਿਬ ਨੇ ਸਿਖਾਂ ਨੂੰ ਹਰ ਤਰ੍ਹਾਂ ਦੀ ਸੇਧ ਦਿੱਤੀ ਹੈ, ਫਿਰ ਵੀ ਜੇਕਰ ਕੋਈ ਇਹ ਕਹੇ ਕਿ ਗੁਰਬਾਣੀ ਨੂੰ ਜਿਵੇਂ ਲਿਖਿਆ ਗਿਆ ਹੈ ਤਿਵੇਂ ਹੀ ਪੜ੍ਹਿਆ ਜਾਏ, ਤਾਂ ਅਸੀਂ ਗੁਰਬਾਣੀ ਦਾ ਪਹਿਲਾ ਹੀ ਸ਼ਬਦ ਨਹੀਂ ਪੜ ਸਕਾਂਗੇ।

ੴ ਨੂੰ ਕਿਵੇਂ ਪੜੀਏ? ੧ ਗਣਿਤ ਦਾ ਹਿੰਸਾ ਹੈ। ਅਤੇ ਇਸ ਤੋਂ ਅੱਗੇ, ਓਅੰਕਾਰ ਪੂਰਾ ਨਹੀਂ ਲਿਖਿਆ, ਕੇਵਲ ਸੰਕੇਤ ਹੈ। ਤਾਂ ਫਿਰ ਉਸਨੂੰ ਇੱਕ ਊੜਾ ਕਰਕੇ ਪੜਨਾ ਪਵੇਗਾ। ਫਿਰ ਸਤਿਨਾਮੁ ਨੂੰ ਸਤੀਨਾਮੂ ਪੜਨਾ ਪਵੇਗਾ, ਪੁਰਖੁ ਨੂੰ ਪੁਰਖੂ, ਨਿਰਵੈਰੁ ਨੂੰ ਨਿਰਵੈਰੂ, ਜਪੁ ਨੂੰ ਜਪੂ ਆਦਿ ਨੂੰ ਆਦੀ, ਪੜਨਾ ਪਵੇਗਾ।

ਇਸੇ ਤਰ੍ਹਾਂ, ਜੇਕਰ ਸਿਰਫ਼ ਬਿੰਦੀਆਂ ਦੇ ਬਾਰੇ ਕਿਹਾ ਜਾਏ ਕਿ ਜੇਕਰ ਨਹੀਂ ਲਗੀਆਂ ਹਨ ਤਾਂ ਨਾ ਲਗਾਈਆਂ ਜਾਣ, ਤਾਂ ਵੀ ਪਾਠੀ ਦੇ ਪਾਠ ਕਰਦਿਆਂ, ਸੰਗਤ ਨੂੰ ਕਈ ਭੁਲੇਖੇ ਪੈ ਸਕਦੇ ਹਨ। ਇਕਵਚਨ ਅਤੇ ਬਹੁਵਚਨ ਵਿੱਚ, ਉਤਮ ਪੁਰਖ ਅਤੇ ਅਨਯ ਪੁਰਖ ਵਿੱਚ ਅੰਤਰ ਨਹੀਂ ਪਤਾ ਲੱਗੇਗਾ, ਬਾਣੀ ਦੇ ਅਰਥ ਸਪਸ਼ਟ ਨਹੀਂ ਹੋ ਸਕਣਗੇ। ਸੋ ਜਦੋਂ ਪਾਠੀ ਪਾਠ ਕਰੇ ਤਾਂ ਉਹ ਗੁਰਬਾਣੀ ਦਾ ਉਚਾਰਨ ਇਸ ਤਰ੍ਹਾਂ ਕਰੇ ਕਿ ਸੁਣਨ ਵਾਲੇ ਨੂੰ ਬਿਨਾਂ ਗੁਟਕੇ ਜਾਂ ਪੋਥੀ ਦੇ ਅਰਥ ਸਪਸ਼ਟ ਹੋ ਜਾਣ। ਇਸ ਦੇ ਵਾਸਤੇ ਮਾਤਰਾਵਾਂ ਅਤੇ ਲਗਾਖਰਾਂ ਦਾ ਗਿਆਨ ਹੋਣਾ ਬਹੁਤ ਜਰੂਰੀ ਹੈ। ਨਹੀਂ ਤਾਂ, ਕਈ ਵਾਰ ਅਰਥਾਂ ਦੇ ਅਨਰਥ ਵੀ ਹੋ ਜਾਂਦੇ ਹਨ।

ਗੁਰਬਾਣੀ ਵਿੱਚ ਕਿਹੜੇ-ਕਿਹੜੇ ਅਸਥਾਨ ਤੇ ਲਗਾਖਰ ਲਗਾ ਕੇ ਉਚਾਰਨ ਕਰਨਾ ਹੈ, ਇਹ ਵੀਚਾਰਾਂ ਅੱਗੇ ਦਿਤੀਆਂ ਗਈਆਂ ਹਨ। ਬਿੰਦੀ, ਟਿੱਪੀ ਤੇ ਅੱਧਕ ਤੋਂ ਬਿਨਾਂ, ਅਤੇ ਲੱਗਾਖਰਾਂ ਦੇ ਨਾਲ, ਪੰਕਤੀ ਦੇ ਅਰਥ ਕਿਵੇਂ ਬਦਲ ਜਾਂਦੇ ਹਨ, ਇਸ ਦੇ ਕੁਝ ਉਦਾਹਰਣ ਹੇਠਾਂ ਦਿੱਤੇ ਗਏ ਹਨ:

## ਬਿੰਦੀ

**1. ਸਾਈ**

- **ਜੋ ਤੁਧੁ ਭਾਵੈ ਸਾਈ ਭਲੀ ਕਾਰ॥** (ਅੰਕ 3) ਸਾਈ (ਉਹ ਹੀ) ਬਿਨਾਂ ਬਿੰਦੀ।

- **ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥** (ਅੰਕ 81) ਸਾਈ – ਸਾਂਈ (ਮਾਲਿਕ) ਬਿੰਦੀ ਸਹਿਤ।

**2. ਹਾਥੀ**

- **ਕਹਾ ਭਇਓ ਦਿਰ ਬਾਂਧੇ ਹਾਥੀ, ਖਿਨ ਮਿਹ ਭਈ ਪਰਾਈ॥** (ਅੰਕ 692) ਹਾਥੀ (ਪਸ਼ੂ), ਬਿਨਾਂ ਬਿੰਦੀ।

- **ਸੰਸਾਰ ਸਾਗਰ ਤੇ ਕਢੁ ਦੇ ਹਾਥੀ॥** (ਅੰਕ 563) ਹਾਥੀ – ਹਾਥੀਂ (ਹੱਥ ਦੇ ਕੇ, ਕਾਰਕੀ ਅਰਥ), ਬਿੰਦੀ ਸਹਿਤ।

**3. ਮੋਰੀ**

- **ਗੁਨ ਕੀਰਤਿ ਨਿਧ ਮੋਰੀ॥** (ਅੰਕ 213) ਮੋਰੀ (ਮੇਰੀ) ਬਿਨਾਂ ਬਿੰਦੀ।

- **ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ॥** (ਅੰਕ 557 ) ਮੋਰੀ – ਮੋਰੀਂ (ਮੋਰਾਂ ਨੇ), ਬਿੰਦੀ ਸਹਿਤ।

**4. ਘਰੀ**

- **ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ॥** (ਅੰਕ 203) ਘਰੀ (ਇੱਕ ਘੜੀ), ਬਿਨਾਂ ਬਿੰਦੀ।

- **ਜਿਨੑ ਕੇ ਬੰਕੇ ਘਰੀ ਨ ਆਇਆ ਤਿਨੑ ਕਿਉ ਰੈਣਿ ਵਿਹਾਣੀ॥** (ਅੰਕ 417) ਘਰੀ – ਘਰੀਂ (ਘਰਾਂ ਵਿੱਚ), ਬਿੰਦੀ ਸਹਿਤ।

**5. ਬਾਤੀ**

- **ਤੇਲ ਜਲੇ ਬਾਤੀ ਠਹਰਾਨੀ, ਸੂੰਨਾ ਮੰਦਰੁ ਹੋਈ॥** (ਅੰਕ 478) ਬਾਤੀ (ਬੱਤੀ), ਬਿਨਾਂ ਬਿੰਦੀ।

- **ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥** (ਅੰਕ 722) ਬਾਤੀ – ਬਾਤੀਂ (ਗੱਲਾਂ ਨਾਲ), ਬਿੰਦੀ ਸਹਿਤ।

**6. ਪੁਤ੍ਰੀ**

- **ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥** (ਅੰਕ 1187) ਪੁਤ੍ਰੀ (ਬੇਟੀ), ਬਿਨਾਂ ਬਿੰਦੀ।

- **ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨੑ ਮੁਰਟੀਐ॥** (ਅੰਕ 966) ਪੁਤ੍ਰੀ – ਪੁਤ੍ਰੀਂ (ਪੁੱਤਰਾਂ ਨੇ), ਬਿੰਦੀ ਸਹਿਤ।

**7. ਆਖੀ**

- **ਕਿਆ ਉਪਮਾ ਤੇਰੀ ਆਖੀ ਜਾਇ॥** (ਅੰਕ 350) ਆਖੀ (ਕਹੀ), ਬਿਨਾਂ ਬਿੰਦੀ।

- **ਅਦਿਸਟੁ ਅਗੋਚਰੁ ਅਲਖੁ ਨਿਰੰਜਨੁ, ਸੋ ਦੇਖਿਆ ਗੁਰਮੁਖਿ ਆਖੀ॥** (ਅੰਕ 87) ਆਖੀ – ਆਖੀਂ (ਅੱਖਾਂ ਨਾਲ), ਬਿੰਦੀ ਸਹਿਤ।

**8. ਰਾਤੀ**

- **ਪਿਰ ਕੈ ਸਹਿਜ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ॥** (ਅੰਕ 129) ਰਾਤੀ (ਰੰਗੀ ਹੋਈ), ਬਿਨਾਂ ਬਿੰਦੀ।

- **ਸਦਾ ਅਨੰਦ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ॥** (ਅੰਕ 31) ਦਿਨੁ ਰਾਤੀ – ਰਾਤੀਂ (ਹਰ ਵੇਲੇ), ਬਿੰਦੀ ਸਹਿਤ।

ਇਸੇ ਤਰਾਂ, ਅਖੀ, ਸਿਫ਼ਤੀ, ਦਾਤੀ, ਭਗਤੀ, ਰੁਤੀ, ਥਿਤੀ, ਵਡਭਾਗੀ, ਪਾਈ, ਠਾਈ, ਆਦਿ ਸ਼ਬਦਾਂ ਨੂੰ, ਬਿੰਦੀ ਲਗਾ ਕੇ ਉਚਾਰਨ ਕਰਨ ਨਾਲ ਹੀ ਸਹੀ ਅਰਥ ਬਣ ਸਕਣਗੇ।

**(ਬਾਕੀ ਅਗਲੇ ਅੰਕਾਂ ਵਿਚ ਪੜੋ ਜੀ)**

# Sarbat Khalsa

Gurpreet Singh (sarbatkhalsa@gmail.com)

Every serious Sikh is worried about the degeneration in Sikh institutions because of political interference. Whatever efforts have been made in recent times, all these basically aim to free the organizational center and 'historical' place of Sri Akal Takht Sahib, Amritsar. With this narrative, the perception is made that whoever is in possession of the organizational historical place of Akal Takht, the reins of the panth are in his hands. The irony is that this narrative goes in favor of the anti-panthic forces. Because it is always easy for the regime to occupy a 'place.' Hence, this thought goes in favor of the politico-priestly unholy alliance. The need is to break free from this narrative. As was delineated by Guru Sahibs, there is a need to revive the concept that no one can subjugate Akal Takht by virtue of being in occupation of historical or religious places, as the Gurmat 'principle' of Miri-Piri is not a slave to anyone, like Guru. Despite Guru Sahibs' unparalleled history of the 17th century, why is this message not going home?

As Khande Baate di Pahul was initiated from Anandpur, but it is not mandatory to be there to partake the pahul. However, the presence of Panj Piyaare is mandatory. Similarly, Guru Sahib embodied the principle of Miri-Piri from Akal Bunga but did not make the control of Akal Bunga (Akal Takht) mandatory for the continuation of the principle of Miri-Piri. This is an important point; without it, the Sikhs cannot achieve religious autonomy.

Today, there is a need to revive the Sarbat Khalsa under the guidance of Guru Granth Sahib Ji, embodying the Panch-Pradhani concept. The institute can be called Sarbat Khalsa, which is autonomous, representing the Sikhs worldwide and not tied to any country-place, so that the politico-priestly nexus is unable to control it. This institute of Sarbat Khalsa Jathebandi should be able to give competent leadership to the Sikh-World on various issues, take care of the upcoming political independence, and maintain the religious shrines as per Gurmat

A group of Sikhs from across the world has taken a humble initiative to achieve this objective and formed Sarbat Khalsa Jathebandi. It's defined as follows:

"Sarbat Khalsa Jathebandi is an autonomous organization embodying the Panch-Pradhani (Collective Leadership of Chosen Ones) concept in the light of Gurmat, without being tied to any particular country or place, representing Sikhs all over the world with complete transparency."

The success of Sarbat Khalsa Jathebandi is ensured on the basis of the following four pillars:

1. **Ideology**: The Sarbat Khalsa Jathebandi should be a united forum of Sikhs under the umbrella of maximum shared ideology.
2. **Representation**: The Sarbat Khalsa Jathebandi should represent the Sikh community all over the world.
3. **Transparency**: The proceedings & By-Laws of the Sarbat Khalsa Jathebandi should be transparent to the entire Sikh community.
4. **Continuous Improvement**: To strengthen the above three points, self-introspection and continuous improvement should be part of the proceedings of the Sarbat Khalsa Jathebandi.

Panj Piyaare for the Panj Pardhani Council are selected from among the representatives of the Sarbat Khalsa Jathebandi formed through these criteria. The Panj Piyaare are equal among themselves; appointing one of them as 'Akal Takht Jathedar' renders the Panch-Pardhani concept meaningless and omission equating the Guru.

The detail of the concept and the By-Laws are available on the website:https://sarbatkhalsa.world/

All concerned Sikhs are requested to give wholehearted support and join the movement by registering their organizations through the link available on the 'register' page of the website.

'Sarbat Khalsa' Mobile App can also be downloaded for Android or iOS.

# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ — ਪੰਚ-ਪ੍ਰਧਾਨੀ ਜੁਗਤਿ

੨ ਅਗਸਤ ੨੦੨੬

**ਪ੍ਰੈੱਸ ਰੀਲੀਜ਼: ਪਾਠ-ਭੇਦਾਂ ਦੇ ਵਿਸ਼ੇ ਤੇ ਮਹੱਤਵਪੂਰਨ ਕਿਤਾਬ ਹੋਈ ਰਿਲੀਜ਼**

ਅੱਜ (੨ ਅਗਸਤ) ਨੂੰ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿੱਖੇ ਸਿੱਖ ਵਿਦਵਾਨਾ ਦੇ ਭਰਵੇਂ ਇਕੱਠ ਵਿੱਚ ਸਰਬੱਤ ਖ਼ਾਲਸਾ ਜੱਥੇਬੰਦੀ ਵੱਲੋਂ ਡਾ. ਓਅੰਕਾਰ ਸਿੰਘ ਵੱਲੋਂ ਸੰਪਾਦਕ **'ਆਦਿ ਮੰਗਲ ਦਾ ਸਰੂਪ ਸਥਾਨ ਅਤੇ ਪਾਠ-ਭੇਦ ਉਕਾਈਆਂ'** ਕਿਤਾਬ ਜਾਰੀ ਕੀਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਾਠ-ਭੇਦ ਇੱਕ ਗੰਭੀਰ ਧਾਰਮਿਕ ਅਤੇ ਅਕਾਦਮਿਕ ਮਸਲਾ ਹੈ। ਇਸਦੇ ਵਿਸ਼ਾ-ਮਾਹਿਰ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਉਹ ਵੀ ਇੱਕ-ਇੱਕ ਕਰਕੇ ਕਰਤਾਰ ਵੱਲੋਂ ਬਖਸ਼ਿਆ ਜੀਵਨ ਭੋਗ ਕੇ ਸੰਸਾਰ ਤੋਂ ਕੂਚ ਕਰੀ ਜਾ ਰਹੇ ਹਨ। ਇਹ ਹਰ ਸਿੱਖ ਲਈ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਪਰ ਬਹੁਤਾਤ ਸਿੱਖ ਇਨ੍ਹਾਂ ਪਾਠ-ਭੇਦਾਂ ਤੋਂ ਪੂਰੀ ਤਰਾਂ ਅਨਜਾਣ ਹਨ।

ਸੋ ਹਰ ਸਿੱਖ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਸਲ ਵਿੱਚ ਇਹ ਮਸਲਾ ਹੈ ਕੀ? ਪੰਜ ਪ੍ਰਧਾਨੀ ਕੌਂਸਲ ਵੱਲੋਂ ਗੰਭੀਰ ਵਿਚਾਰ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਸਿੱਖ-ਸੰਗਤ ਦੀ ਜਾਗਰੂਕਤਾ ਲਈ ਪੁਰਾਤਨ ਅਤੇ ਪ੍ਰਮਾਣਿਕ ਹੱਥ-ਲਿਖਤ ਬੀੜਾਂ ਵਿੱਚੋਂ ਰੰਗਦਾਰ ਚਿੱਤਰਾਂ ਦੇ ਹਵਾਲੇ ਦੇ ਕੇ ਇੱਕ ਸੁੰਦਰ ਪੁਸਤਕ ਤਿਆਰ ਕੀਤੀ ਜਾਵੇ। ਇਸ ਅਤਿ ਮਹੱਤਵਪੂਰਣ ਕਿਤਾਬ ਨੂੰ ਲਿਖਣ ਦੀ ਜ਼ਿੰਮੇਵਾਰੀ ਡਾ. ਓਅੰਕਾਰ ਸਿੰਘ ਜੀ, (ਫ਼ੀਨਿਕਸ, ਅਮਰੀਕਾ) ਨੂੰ ਦਿੱਤੀ ਗਈ ਸੀ, ਜੋ ਇਸ ਵਿਸ਼ੇ ਬਾਰੇ ਗਿਣੇ ਚੁਣੇ ਵਿਦਵਾਨਾਂ ਵਿੱਚੋਂ ਇੱਕ ਹਨ।

ਕਿਤਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਾਠ-ਭੇਦਾਂ ਨੂੰ ਸਮਝਣ ਵਾਸਤੇ ਚਾਰ ਭਾਗਾਂ ਵਿੱਚ ਸਮਝਾਉਣ ਦਾ ਯਤਨ ਕੀਤਾ ਗਿਆ ਹੈ:
੧) ਮੰਗਲਾਚਰਣ ਦੇ ਸੰਪੂਰਣ ਸਰੂਪ ਅਤੇ ਸਹੀ ਸਥਾਨ ਦੇ ਪਾਠ-ਭੇਦ,
੨) ਸੰਖੇਪ ਮੰਗਲ ਅਤੇ ਸਿਰਲੇਖਾਂ ਦੇ ਸਹੀ ਸਰੂਪ ਅਤੇ ਅਸਥਾਨ ਦੇ ਪਾਠ-ਭੇਦ,
੩) ਲਗਾਂ ਮਾਤਰਾਂ ਅਤੇ ਸ਼ਬਦ ਬਣਤਰ ਦੇ ਪਾਠ-ਭੇਦ,
੪) ਅੱਖਰ ਬਣਤਰ ਦੀਆਂ ਉਕਾਈਆਂ ਅਤੇ ਹੋਰ ਪਾਠ-ਭੇਦਾਂ ਬਾਰੇ ਰਿਪੋਰਟ।

ਪਾਠ-ਭੇਦਾਂ ਦੇ ਵਿਸ਼ੇ ਤੇ ਹੋਰਨਾਂ ਵਿਦਵਾਨਾਂ ਦੀਆਂ ਕੀਮਤੀ ਲਿਖਤਾਂ ਨੂੰ ਵੀ ਅੰਤਿਕਾ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਇਸ ਕਿਤਾਬ ਦੀਆਂ ੫੦੦ ਕਾਪੀਆਂ ਛਾਪੀਆਂ ਗਈਆਂ ਹਨ ਜਿਸਦਾ ਸਾਰਾ ਖਰਚਾ ਸਰਬੱਤ ਖ਼ਾਲਸਾ ਜਥੇਬੰਦੀ ਨਾਲ ਜੁੜੇ ਵੀਰਾਂ ਭੈਣਾਂ ਨੇ ਰਲ ਕੇ ਕੀਤਾ ਹੈ ਅਤੇ ਅਭਿਲਾਖੀ ਸੱਜਣ ਇਸਨੂੰ ਬਿਨਾ ਕਿਸੇ ਕੀਮਤ ਦੇ ਕੇਂਦਰੀ ਸਿੰਘ ਸਭਾ ਤੋਂ ਹਾਸਲ ਕਰ ਸਕਦੇ ਹਨ। ਇਸਦੀ ਪੀਡੀਐਫ਼ ਵੀ ਸਰਬੱਤ ਖ਼ਾਲਸਾ ਵੈਬਸਾਈਟ (https://sarbatkhalsa.world/) ਤੇ ਪਾ ਦਿੱਤੀ ਜਾਵੇਗੀ। ਇਸ ਪੁਸਤਕ ਨੂੰ ਛਪਵਾਕੇ ਪੰਥਕ ਵਿਚਾਰਾਂ ਲਈ ਸਾਂਝਾ ਕੀਤਾ ਜਾ ਰਿਹਾ ਤਾਂਕਿ ਸਮੁੱਚੀ ਕੌਮ, ਸਿਰ ਜੋੜਕੇ ਇਸ ਅਤਿ ਗੰਭੀਰ ਅਤੇ ਨਾਜ਼ੁਕ ਵਿਸ਼ੇ ਤੇ ਸਤਿਗੁਰੂ ਜੀ ਦੇ ਨਿਰਮਲ ਭੈਅ ਵਿੱਚ ਰਹਿੰਦਿਆਂ ਆਪਣੀ ਕੋਈ ਠੀਕ ਰਾਏ ਬਣਾ ਸਕੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਪ੍ਰਭੂਤਾ ਬਖ਼ਸ਼ੀ ਹੈ। ਜੇਕਰ ਸਥਾਪਤ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਤੋਂ ਭਗੌੜੀਆਂ ਹੋ ਜਾਣ ਤਾਂ ਸਰਬੱਤ ਖ਼ਾਲਸਾ ਕੌਮੀ ਮਸਲੇ ਆਪਣੇ ਹੱਥ ਵਿੱਚ ਲੈ ਕੇ ਹੱਲ ਕਰਨ ਲਈ ਅਜ਼ਾਦ ਹੈ। ਸਰਬੱਤ ਖ਼ਾਲਸਾ ਜਥੇਬੰਦੀ ਦਾ ਮੰਤਵ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖ਼ੁਦ-ਮੁਖ਼ਤਿਆਰ ਸੰਸਥਾ ਬਣਨਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾਂ ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰੇ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿੱਚ,

**ਵੱਲੋਂ, ਪੰਜ ਪ੍ਰਧਾਨੀ ਕੌਂਸਲ:**

ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)

https://sarbatkhalsa.world — fateh@sarbatkhalsa.world

# ਸਿਮਰਨ ਤੋਂ ਪ੍ਰਾਪਤੀਆਂ: ਭਾਗ 3

**(ਫੂਲਾ ਸਿੰਘ, ਅਮਰੀਕਾ)**

**(ਲੜੀ ਜੋੜਨ ਲਈ ਭਾਗ 1 ਤੇ ਭਾਗ 2 ਪਿਛਲੇ ਅੰਕਾਂ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

## ਸਿਮਰਨ ਨਾਲ ਅਣਖ ਜਾਗ ਪੈਂਦੀ ਹੈ

ਜਦੋਂ ਕਿਸੇ ਜਾਤ-ਅਭਿਮਾਨੀ ਬ੍ਰਾਹਮਣ ਨੇ ਕਬੀਰ ਜੀ ਨੂੰ ਜੁਲਾਹਾ ਜੁਲਾਹਾ ਆਖ ਕੇ ਉਹਨਾਂ ਦਾ ਸ਼ੂਦਰ ਜਨਮ ਜਤਾ ਕੇ ਨੀਵਾਂ ਦਿਖਾਉਣ ਦੀ ਕੋਸ਼ਸ਼ ਕੀਤੀ, ਤਾਂ ਕਬੀਰ ਜੀ ਮਨੁੱਖਤਾ ਦੀ ਇਸ ਬੇ-ਦਰਦੀ ਨਾਲ ਹੋ ਰਹੀ ਨਿਰਾਦਰੀ ਸਹਾਰ ਨਾ ਸਕੇ। ਉਹ ਬ੍ਰਾਹਮਣ ਨੂੰ ਵੰਗਾਰ ਕੇ ਆਖਣ ਲੱਗੇ:

**"ਜੌ ਤੂ ਬ੍ਰਾਹਮਣੁ, ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥2॥ ਤੁਮ ਕਤ ਬ੍ਰਾਹਮਣ, ਹਮ ਕਤ ਸੂਦ॥ ਹਮ ਕਤ ਲੋਹੂ, ਤੁਮ ਕਤ ਦੂਧ॥"** (ਅੰਕ 324)

ਭਗਤ ਨਾਮਦੇਵ ਨੂੰ ਜਦ ਉੱਚ ਜਾਤੀ ਵਾਲਿਆਂ ਨੇ ਧੱਕੇ ਮਾਰ ਕੇ ਸ਼ੂਦਰ ਸ਼ੂਦਰ ਕਹਿ ਕੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਤਾਂ ਭਗਤ ਨਾਮਦੇਵ ਜੀ ਦੀ ਅਣਖ ਜਾਗ ਪਈ। ਮੰਦਰੋਂ ਬਾਹਰ ਆ ਕੇ ਉਹਨਾਂ ਨੇ ਆਪਣੇ ਸਿਰਜਨਹਾਰ ਪ੍ਰਭੂ ਅੱਗੇ ਰੱਜ ਕੇ ਪੁਕਾਰ ਕੀਤੀ ਕਿ ਮੈਨੂੰ ਇਹ ਦਿਲਾਸਾ ਕਾਹਦਾ ਕਿ ਤੇਰੀ ਭਗਤੀ ਦਾ ਸਦਕਾ ਮੈਨੂੰ ਮਰਨ ਪਿਛੋਂ ਮੁਕਤੀ ਮਿਲ ਜਾਏਗੀ? ਉਸ ਮੁਕਤੀ ਨੂੰ ਕੌਣ ਜਾਣੇਗਾ? ਤੇਰੇ ਭਗਤ ਨੂੰ ਲੋਕ ਸ਼ੂਦਰ ਆਖਣ, ਇਸ ਵਿਚ ਤਾਂ ਤੇਰੀ ਹੀ ਨਿਰਾਦਰੀ ਹੋ ਰਹੀ ਹੈ। ਨਾਮਦੇਵ ਦੀ ਅਰਜ਼ੋਈ ਸੁਣ ਕੇ ਪ੍ਰਭੂ ਨੇ ਦੇਹੁਰਾ ਨਾਮਦੇਵ ਵਲ ਫੇਰ ਦਿੱਤਾ, ਤੇ ਪਾਂਡਿਆਂ ਵਲ ਪਿੱਠ ਹੋ ਗਈ:

**"ਤੂ ਜੁ ਦਇਆਲੁ ਕ੍ਰਿਪਾਲੁ ਕ੍ਰਿਪਾਲੁ ਕਹੀਅਤੁ ਹੈਂ, ਅਤਿਭੁਜ ਭਇਓ ਅਪਾਰਲਾ॥ ਫੇਰਿ ਦੀਆ ਦੇਹੁਰਾ ਨਾਮੇ ਕਉ, ਪੰਡੀਅਨ ਕਉ ਪਿਛਵਾਰਲਾ॥3॥"** (ਅੰਕ 1292)

ਸਿਮਰਨ ਦੀ ਕਦਰ ਨਾ ਜਾਨਣ ਵਾਲੇ ਜਾਤ-ਅਭਿਮਾਨੀਆਂ ਨੂੰ ਭਗਤ ਰਵਿਦਾਸ ਜੀ ਨੇ ਇਕ ਵਾਰੀ ਆਖਿਆ- ਹੇ ਨਗਰ ਦੇ ਲੋਕੋ! ਇਹ ਠੀਕ ਹੈ ਕਿ ਮੈਂ ਚਮਾਰ-ਜਾਤੀ ਵਿਚ ਜੰਮਿਆ ਹਾਂ, ਪਰ ਪ੍ਰਭੂ ਦਾ ਨਾਮ ਸਿਮਰਨ ਦੀ ਹੀ ਬਰਕਤ ਹੈ ਕਿ ਬਨਾਰਸ ਦੇ ਸਿਰ-ਕੱਢ ਬ੍ਰਾਹਮਣ ਭੀ ਆ ਮੈਨੂੰ ਨਮਸਕਾਰਾਂ ਕਰਦੇ ਹਨ:

**"ਨਾਗਰ ਜਨਾਂ! ਮੇਰੀ ਜਾਤਿ ਬਿਖਿਆਤ ਚੰਮਾਰੰ॥ ਰਿਦੈ ਰਾਮ ਗੋਬਿੰਦ ਗੁਣ ਸਾਰੰ॥ ਰਹਾਉ॥ ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥"** (ਅੰਕ 1293)

## ਸਿਮਰਨ ਨਾਲ ਜਗਤ ਵਿਚ ਆਦਰ ਮਿਲਦਾ ਹੈ

ਜਿਸ ਕਿਸੇ ਨੇ ਨਾਮ ਸਿਮਰਿਆ, ਚਾਹੇ ਉਹ ਨੀਵੀਂ ਜ਼ਾਤ ਦਾ ਭੀ ਹੋਵੇ, ਜਗਤ ਨੇ ਉਸ ਦਾ ਆਦਰ-ਮਾਣ ਕੀਤਾ ਹੈ। ਗਰੀਬ ਬਿਦਰ, ਰਵਿਦਾਸ ਚਮਾਰ ਅਤੇ ਛੀਂਬੇ ਨਾਮਦੇਵ ਜੀ ਦਾ ਹਵਾਲਾ ਦੇ ਕੇ ਗੁਰੂ ਰਾਮਦਾਸ ਜੀ ਸਿਮਰਨ ਦੀ ਵਡਿਆਈ ਇਉਂ ਕਰਦੇ ਹਨ:

**"ਨੀਚ ਜਾਤਿ ਹਰਿ ਜਪਤਿਆ, ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ, ਕਿਸਨੁ ਉਤਰਿਆ ਘਰਿ ਜਿਸੁ ਜਾਇ ॥ ਰਵਿਦਾਸੁ ਚਮਾਰੁ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ-ਜਾਤਿ ਉਤਮੁ ਭਇਆ, ਚਾਰਿ ਵਰਨ ਪਏ ਪਗਿ ਆਇ॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ, ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ, ਹਰਿ ਨਾਮਦੇਉ ਲੀਆ ਮੁਖਿ ਲਾਇ॥"** (ਅੰਕ 233)

ਗੁਰੂ ਅਰਜਨ ਸਾਹਿਬ ਭੀ ਸਿਮਰਨ ਵਲ ਪ੍ਰੇਰਨਾ ਕਰਦੇ ਹੋਏ ਨੀਵੀਂ ਜਾਤਿ ਦੇ ਗਰੀਬਾਂ ਦਾ ਜ਼ਿਕਰ ਕਰਦੇ ਹਨ ਕਿ ਉਹਨਾਂ ਨੇ ਸਿਮਰਨ ਕਰ ਕੇ ਜਗਤ ਵਿਚ ਬੜਾ ਆਦਰ ਪ੍ਰਾਪਤ ਕੀਤਾ:

**"ਗੋਬਿੰਦ ਗੋਬਿੰਦ ਗੋਬਿੰਦ ਸੰਗਿ, ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ, ਹੋਇਓ ਲਾਖੀਣਾ॥1॥ ਰਹਾਉ॥** (ਅੰਕ 488)

**"ਬੁਨਨਾ ਤਨਨਾ ਤਿਆਗਿ ਕੈ, ਪ੍ਰੀਤਿ ਚਰਨ ਕਬੀਰਾ॥ ਨੀਚ-ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ॥ ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡ ਭਾਗਾ॥"** (ਅੰਕ 487)

ਇਸ ਪ੍ਰੇਰਨਾ ਤੋਂ ਹੁਲਾਰਾ ਲੈ ਕੇ ਹਜ਼ੂਰ ਪ੍ਰਭੂ ਦਰ ਤੋਂ ਸਿਮਰਨ ਦੀ ਦਾਤਿ ਇਉਂ ਮੰਗਦੇ ਹਨ ਕਿ ਸਾਨੂੰ ਮੰਗਣ ਦੀ ਜਾਚ ਸਿਖਾਂਦੇ ਹਨ:

**"ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮ ਜਪਤ ਉਹੁ ਚਹੁ ਕੁੰਟ ਮਾਨੈ॥ ਦਰਸਨ ਮਾਗਉ ਦੇਹਿ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥1॥ ਰਹਾਉ॥"** (ਅੰਕ 386)

## ਸਿਮਰਨ ਕਰਨ ਵਾਲਾ ਮਨੁੱਖ ਸਦਾ ਖਿੜੇ ਮੱਥੇ ਰਹਿੰਦਾ ਹੈ

ਨਾਮ ਸਿਮਰਨ ਵਾਲਾ ਗੁਰਮੁਖਿ ਸਭ ਦਾ ਸੱਜਣ ਬਣ ਜਾਂਦਾ ਹੈ। ਉਸ ਦੇ ਹਿਰਦੇ ਵਿਚ ਨਿੱਤ ਚਾਉ ਚੜ੍ਹਿਆ ਰਹਿੰਦਾ ਹੈ, ਉਸ ਦੇ ਮੱਥੇ ਉਤੇ ਸਭਨਾਂ ਵਾਸਤੇ ਪਿਆਰ ਡਲ੍ਹਕਦਾ ਹੈ, ਉਹ ਕਦੇ ਖ਼ੁਰਵੇ ਬੋਲ ਬੋਲ ਕੇ ਕਿਸੇ ਦਾ ਦਿਲ ਨਹੀਂ ਦੁਖਾਉਂਦਾ, ਸਭ ਲੋਕ ਉਸ ਨੂੰ ਆਪਣਾ ਜਾਣਦੇ ਹਨ:

**"ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥ ਹਭੇ ਜਾਣਨਿ ਆਪਣਾ, ਕਹੀ ਨਾ ਠਾਹੇ ਚਿਤੁ॥"** (ਅੰਕ 1096)

(ਮੈਡਾ=ਮੇਰਾ। ਚਾਈਆ= ਚਾ ਵਾਲਾ। ਹਭ ਕਹੀ ਦਾ= ਹਰ ਕਿਸੇ ਦਾ। ਨ ਠਾਹੇ=ਨਹੀਂ ਤੋੜਦਾ।)

ਸਾਹਿਬ ਪੰਚਮ ਪਾਤਿਸ਼ਾਹ ਪ੍ਰਭੂ-ਸੱਜਣ ਨੂੰ ਸੰਬੋਧਨ ਕਰ ਕੇ ਆਖਦੇ ਹਨ- ਹੇ ਦਾਤਾ! ਤੇਰੀਆਂ ਗੱਲਾਂ ਸੁਣ ਕੇ ਮੇਰਾ ਮਨ ਮੇਰਾ ਤਨ ਖਿੜ ਪੈਂਦਾ ਹੈ, ਤੇਰਾ ਨਾਮ ਯਾਦ ਕੀਤਿਆਂ ਮੇਰੇ ਚਿਹਰੇ ਉਤੇ ਲਾਲੀ ਚੜ੍ਹ ਜਾਂਦੀ ਹੈ, ਤੇਰੇ ਰਾਹੇ ਤੁਰਦਿਆਂ ਮੇਰੇ ਅੰਦਰ ਠੰਡ ਪੈਂਦੀ ਹੈ ਅਤੇ ਸਤਿਗੁਰੂ ਦਾ ਦੀਦਾਰ ਕਰ ਕੇ ਮੇਰਾ ਮਨ ਖਿੜ ਪੈਂਦਾ ਹੈ:

**"ਸੋਇ ਸੁਣੰਦੜੀ ਮੇਰਾ ਮਨੁ ਤਨੁ ਮਉਲਾ, ਨਾਮੁ ਜਪੰਦੜੀ ਲਾਲੀ॥ ਪੰਧਿ ਜੁਲੰਦੜੀ ਮੇਰਾ ਅੰਦਰੁ ਠੰਡਾ, ਗੁਰ ਦਰਸਨੁ ਦੇਖਿ ਨਿਹਾਲੀ॥"** (ਅੰਕ 965)

ਜਦੋਂ ਮੇਰੇ ਪੈਰ ਤੇਰੇ ਪਾਸੇ ਤੁਰਦੇ ਹਨ, ਤਾਂ ਉਸ ਵੇਲੇ ਇਹ ਪੈਰ ਸੋਹਣੇ ਲਗਦੇ ਹਨ। ਜਦੋਂ ਮੈ ਆਪਣਾ ਸਿਰ ਤੇਰੇ ਚਰਨਾਂ ਉਤੇ ਰੱਖ ਦਿੰਦਾ ਹਾਂ, ਤਾਂ ਇਹ ਸਿਰ ਭਾਗਾਂ ਵਾਲਾ ਹੋ ਜਾਂਦਾ ਹੈ। ਹੇ ਪ੍ਰਭੂ ! ਜਦੋਂ ਮੈਂ ਤੇਰੇ ਗੁਣ ਗਾਂਦਾ ਹਾਂ, ਮੇਰਾ ਮੱਥਾ ਖਿੜ ਪੈਂਦਾ ਹੈ ਤੇ ਤੇਰੀ ਸ਼ਰਨ ਪਿਆਂ ਜਿੰਦ ਸੋਹਣੀ ਹੋ ਜਾਂਦੀ ਹੈ:

**"ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥ ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ, ਜੀਉ ਪਇਆ ਤਉ ਸਰਣੀ॥"** (ਅੰਕ 964)

ਗੁਰੁ ਨਾਨਕ ਦੇਵ ਜੀ ਜਪੁਜੀ ਵਿਚ ਲਿਖਦੇ ਹਨ ਕਿ ਪ੍ਰਭੂ ਦੇ ਭਗਤ ਸਦਾ ਖਿੜੇ ਰਹਿੰਦੇ ਹਨ:

**"ਨਾਨਕ, ਭਗਤਾ ਸਦਾ ਵਿਗਾਸੁ॥ ਸੁਣਿਐ, ਦੂਖ ਪਾਪ ਕਾ ਨਾਸੁ॥"** (ਅੰਕ 3)

## ਸਿਮਰਨ ਤੋਂ ਵਿਛੋੜਾ ਅਸਹਿ ਹੋ ਜਾਂਦਾ ਹੈ

ਪ੍ਰਭੂ ਚਰਨਾਂ ਦਾ ਅਸਲ ਪ੍ਰੇਮੀ ਉਹ ਹੈ ਜਿਸ ਨੂੰ ਇਹ ਸੁਣ ਕੇ ਹੀ ਦੁਖ ਪ੍ਰਤੀਤ ਹੋਵੇ ਕਿ ਪ੍ਰਭੂ ਤੋਂ ਵਿਛੋੜਾ ਹੋਣ ਲੱਗਾ ਹੈ। ਦੀਦਾਰ ਤੋਂ ਬਿਨਾ ਸੱਚਾ ਪ੍ਰੇਮੀ ਆਤਮਕ ਮੌਤ ਮਹਿਸੂਸ ਕਰਦਾ ਹੈ। ਆਪਣੇ ਪਿਆਰੇ ਪ੍ਰਭੂ ਤੋਂ ਵਿਛੜ ਕੇ ਪ੍ਰੇਮੀ ਦਾ ਮਨ ਖਲੋਂਦਾ ਨਹੀਂ:

**"ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ॥ ਬਾਝੁ ਪਿਆਰੇ ਆਪਣੇ, ਬਿਰਹੀ ਨਾ ਧੀਰੋਦਿ॥"** (ਅੰਕ 1100)

ਉਸ ਦੇ ਅੰਦਰੋਂ ਮੁੜ ਮੁੜ ਇਉਂ ਤਰਲੇ ਉਠਦੇ ਹਨ। ਹੇ ਮਿੱਤਰ-ਪ੍ਰਭੂ! ਆ, ਤੂੰ ਮੈਨੂੰ ਦਰਸ਼ਨ ਦੇਹ। ਤੇਰਾ ਦਰਸ਼ਨ ਕੀਤਿਆਂ ਮੇਰੇ ਤਨ ਮਨ ਵਿਚ ਠੰਡ ਪੈਂਦੀ ਹੈ। ਮੈਂ ਸਾਰੀ ਸ੍ਰਿਸ਼ਟੀ ਭਾਲ ਕੇ ਵੇਖ ਲਈ ਹੈ। ਹੇ ਪ੍ਰਭੂ! ਇਕ ਤੇਰੇ ਦੀਦਾਰ ਤੋਂ ਬਿਨਾ ਹੋਰ ਕੋਈ ਭੀ ਪਦਾਰਥ ਮੈਨੂੰ ਆਤਮਕ ਸ਼ਾਂਤੀ ਨਹੀਂ ਦੇਂਦਾ:

**"ਡਿਠੀ ਹਭ ਢੰਢੋਲਿ, ਹਿਕਸੁ ਬਾਝੁ ਨ ਕੋਇ॥ ਆਉ ਸਜਣ ਤੂ ਮਖਿ ਲਗੁ, ਮੇਰਾ ਤਨੁ ਮਨੁ ਠੰਡਾ ਹੋਇ।"** (ਅੰਕ 1100)

ਦਿਨ ਦੇ ਚਾਰ ਪਹਿਰ ਵਿਛੋੜੇ ਵਿਚ ਮੈਨੂੰ ਚਾਰ ਜੁਗਾਂ ਦੇ ਬਰਾਬਰ ਜਾਪਦੇ ਹਨ। ਜਦੋਂ ਰਾਤ ਪੈ ਜਾਂਦੀ ਹੈ, ਤਦੋਂ ਤਾਂ ਉਹ ਮੁੱਕਣ ਵਿਚ ਹੀ ਨਹੀਂ ਆਉਂਦੀ:

**"ਚਾਰਿ ਪਹਰ ਚਹੁ ਜੁਗਹ ਸਮਾਨੇ॥ ਰੈਣਿ ਭਈ ਤਬ ਅੰਤੁ ਨ ਜਾਨੇ॥"** (ਅੰਕ 375)

ਸਿਮਰਨ ਦੀ ਪੌੜੀ ਚੜ੍ਹ ਕੇ ਪ੍ਰੇਮ ਦੀ ਉੱਚੀ ਅਟਾਰੀ ਤੇ ਅੱਪੜੇ ਹੋਏ ਨੂੰ ਇਕ ਪਲ-ਭਰ ਦਾ ਵਿਛੋੜਾ ਮੌਤ ਸਮਾਨ ਦਿੱਸਦਾ ਹੈ। ਉਹ ਫਿਰ ਇਉਂ ਕੂਕ ਉੱਠਦਾ ਹੈ:

**"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨਾ ਉਤਰੈ, ਸਾਂਤਿ ਨ ਆਵੈ, ਬਿਨੁ ਦਰਸਨ ਸੰਤ ਪਿਆਰੇ ਜੀਉ॥"** (ਅੰਕ 97)

ਗੁਰੂ ਰਾਮਦਾਸ ਜੀ ਨੇ ਵਿਛੋੜੇ ਦਾ ਰੱਬੀ ਗੀਤ ਗਾਂਵਿਆ ਹੈ। ਹੇ ਭਾਈ ! ਪਰਮਾਤਮਾ ਦੇ ਦਰਸ਼ਨਾਂ ਵਾਸਤੇ ਮੇਰਾ ਮਨ ਇਉਂ ਤੜਪ ਰਿਹਾ ਹੈ ਜਿਵੇਂ ਪਾਣੀ ਤੋਂ ਬਿਨਾ ਤਿਹਾਇਆ:

**"ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ,ਜਿਉ ਤ੍ਰਿਖਾਵੰਤੁ ਬਿਨੁ ਨੀਰ॥"** (ਅੰਕ 862)

**(ਭਾਗ 4 ਅਗਲੇ ਅੰਕ ਵਿਚ ਪੜ੍ਹੋ ਜੀ)**

# ਰੱਖੜੀ ਤੇ ਵਿਸ਼ੇਸ਼: ਵੀਰਾ ਅੱਜ ਦੇ ਸ਼ੁਭ ਦਿਹਾੜੇ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ (ਕੈਲਗਰੀ)

ਵੀਰਾ ਅੱਜ ਦੇ ਸ਼ੁਭ ਦਿਹਾੜੇ, ਤੈਨੂੰ ਦਿਆਂ ਦੁਆਵਾਂ।

ਰੱਖੜੀ ਦੇ ਤਿਉਹਾਰ ਤੇ ਬੀਬਾ, ਦਿਲ ਦਾ ਹਾਲ ਸੁਣਾਵਾਂ।

ਭੇਜ ਰਹੀ ਹਾਂ ਤੈਨੂੰ ਬੀਬਾ, ਪਿਆਰ ਦੀਆਂ ਕੁਝ ਤੰਦਾਂ।

ਮੇਰੀਆਂ ਯਾਦਾਂ ਦੇ ਵਿੱਚ ਵੱਸੀਆਂ, ਘਰ ਤੇਰੇ ਦੀਆਂ ਕੰਧਾਂ।

ਕਿਧਰੇ ਭੁੱਲ ਨਾ ਜਾਈਂ ਅੜਿਆ, ਭੈਣਾਂ ਦਾ ਸਿਰਨਾਵਾਂ।

ਵੀਰਾ....

ਬਹਿੰਦੀ ਉੱਠਦੀ ਹਰ ਵੇਲੇ ਮੈਂ, ਸੁੱਖਾਂ ਤੇਰੀਆਂ ਮੰਗਾਂ।

ਦੁੱਖ ਸੁੱਖ ਆਪਣੇ ਸਿਰ ਤੇ ਝੱਲਾਂ, ਤੈਨੂੰ ਦੱਸਦੀ ਸੰਗਾਂ।

ਤੇਰੇ ਉੱਤੇ ਦੁੱਖ ਮੇਰੇ ਦਾ, ਪੈ ਨਾ ਜਾਏ ਪਰਛਾਵਾਂ

ਵੀਰਾ....

ਮਾਪੇ ਸਦਾ ਨਾ ਬੈਠੇ ਰਹਿਣੇ, ਵੀਰ ਭੈਣ ਦੀਆਂ ਬਾਹਵਾਂ।

ਭੁੱਲੀ ਵਿਸਰੀ ਭੈਣ ਜੋ ਤੈਨੂੰ, ਤੱਕਦੀ ਤੇਰੀਆਂ ਰਾਹਵਾਂ।

ਵੀਰ ਮੇਰੇ ਨੂੰ ਲੱਗ ਨਾ ਜਾਵਣ, ਤੱਤੀਆਂ ਕਦੇ ਹਵਾਵਾਂ

ਵੀਰਾ .....

ਹਰ ਔਰਤ ਦੀ ਇੱਜ਼ਤ ਕਰਨਾ, ਸੁੱਚਾ ਕਰਮ ਹੈ ਤੇਰਾ।

ਦੇਖ ਪਰਾਈ ਭੈਣ ਸਮਝਣਾ, ਏਹੋ ਧਰਮ ਹੈ ਤੇਰਾ।

ਬਾਲੜੀਆਂ ਨੂੰ ਧੀਆਂ ਸਮਝੇਂ, ਵੱਡੀਆਂ ਸਮਝੇ ਮਾਵਾਂ

ਵੀਰਾ ....

ਕਿਸੇ ਭੈਣ ਤੇ ਵੀ ਜੇ ਤੱਕਿਆ, ਭੀੜਾਂ ਨੇ ਬਣ ਆਈਆਂ।

ਬਿਨ ਰੱਖੜੀ ਤੋਂ 'ਦੀਸ਼' ਦੇ ਵੀਰਾਂ, ਇਜ਼ਤਾਂ ਲੱਖ ਬਚਾਈਆਂ।

ਤੂੰ ਮਾਲਕ ਹੈਂ ਉਸ ਵਿਰਸੇ ਦਾ, ਤੈਨੂੰ ਯਾਦ ਕਰਾਵਾਂ

ਵੀਰਾ...



# ਆਜ਼ਾਦੀ ਦਿਹਾੜੇ ਤੇ ਵਿਸ਼ੇਸ਼: ਸੁਣ ਨੀ ਭੈਣ ਅਜ਼ਾਦੀਏ (ਗੀਤ)

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ (ਕੈਲਗਰੀ)

ਸੁਣ ਨੀ ਭੈਣ ਅਜ਼ਾਦੀਏ ਸਾਥੋਂ, ਦਰਦ ਨਾ ਜਾਏ ਸੁਣਾਇਆ।

ਇਕ ਅਰਸੇ ਤੋਂ ਅੜੀਏ ਨੀ ਤੂੰ, ਸਿਦਕ ਸਾਡਾ ਅਜ਼ਮਾਇਆ।

ਤੇਰੇ ਦੀਦ ਦੀ ਖਾਤਿਰ ਅੜੀਏ, ਕਈ ਪਰਵਾਨੇਂ ਸ਼ਮ੍ਹਾਂ 'ਚ ਸੜ ਗਏ।

ਰਾਜਗੁਰੂ, ਸੁੱਖਦੇਵ, ਭਗਤ ਸਿੰਘ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ।

ਕੂਕੇ, ਬੱਬਰਾਂ, ਤੇਰੀ ਖਾਤਿਰ, ਸਭ ਕੁੱਝ ਲੇਖੇ ਲਾਇਆ।

ਸੁਣ ਨੀ......

ਗਦਰ ਲਹਿਰ ਦੇ ਨਾਇਕ ਸਾਡੇ, ਤਨ ਤੇ ਲੱਖ ਤਸੀਹੇ ਜਰ ਗਏ।

ਐਪਰ ਦੇਸ਼ ਵਾਸੀਆਂ ਦੇ ਵਿੱਚ, ਤੇਰੀ ਇਕ ਚੰਗਿਆੜੀ ਧਰ ਗਏ।

ਮਘਦੀ ਮਘਦੀ ਜੋ ਚੰਗਿਆੜੀ, ਇਕ ਦਿਨ ਰੰਗ ਦਿਖਾਇਆ।

ਸੁਣ ਨੀ.....

ਸੰਨ ਸੰਤਾਲੀ ਵਿੱਚ ਤੂੰ ਆਈ, ਆਉਂਦੇ ਸਾਰ ਹੀ ਵੰਡੀਆਂ ਪਾਈਆਂ।

ਭਾਈ ਆਪਸ ਵਿੱਚ ਲੜਾ ਕੇ, ਖੂਨ ਦੀਆਂ ਨਦੀਆਂ ਤੂੰ ਵਹਾਈਆਂ।

ਤਾਂ ਵੀ ਘੁੰਡ ਚੁਕਾਈ ਦੇ ਕੇ, ਅਸਾਂ ਨੇ ਸ਼ਗਨ ਮਨਾਇਆ

ਸੁਣ ਨੀ.....

ਲਾਈ ਲੱਗ ਤੂੰ ਨਿਕਲੀ ਅੜੀਏ, ਧਨਵਾਨਾਂ ਦੇ ਹੱਥੀਂ ਚੜ੍ਹ ਗਈ।

ਆਪਣਿਆਂ ਵਲ ਪਾਸਾ ਵੱਟਿਆ , ਗ਼ੈਰਾਂ ਦੀ ਬੁੱਕਲ ਵਿੱਚ ਵੜ ਗਈ।

ਸੱਤਰਾਂ ਨੂੰ ਤੂੰ ਟੱਪ ਗਈ ਏਂ, ਤੈਨੂੰ ਹੋਸ਼ ਅਜੇ ਨਾ ਆਇਆ

ਸੁਣ ਨੀ...

ਐਨਾ ਵੱਡਾ ਮੁੱਲ ਤਾਰ ਕੇ, ਸੂਰਮਿਆਂ ਤੈਨੂੰ ਪਰਨਾਇਆ।

'ਦੀਸ਼' ਦੇ ਵੀਰਾਂ ਦੀ ਕੁਰਬਾਨੀ, ਦਾ ਤੈਂ ਅੜੀਏ ਮੁੱਲ ਨਾ ਪਾਇਆ।

ਹੱਥ ਅਜੇ ਨਾ ਸਾਡੇ ਆਈ, ਡਾਢਾ ਸਾਨੂੰ ਤੂੰ ਤਰਸਾਇਆ।

ਸੁਣ ਨੀ......



## ਸਰਦਾਰਨੀ ਮਨਿੰਦਰ ਕੌਰ, (ਕੈਲਗਰੀ)



# ਗੁਰਬਾਣੀ ਸਿਖਿਆ ਅਨੁਸਾਰ ਸਿੱਖ ਮਨੁਖੀ ਸੁਰਤਿ ਨੇ ਬਣਨਾ ਹੈ ਜਾਂ ਸਰੀਰ ਨੇ?

## ਗਲੋਬਲ ਸਿੱਖ ਕੌਂਸਲ 1 ਸਾਵਣ 558 (16 ਜੁਲਾਈ 2026) ਵੈਬੀਨਾਰ

ਵਿਦਵਾਂਨਾ ਦੇ ਵਿਚਾਰਾਂ ਦਾ ਸੰਖੇਪ (ਕਾਬਲ ਸਿੰਘ, ਗੁਰਬਖਸ਼ ਸਿੰਘ ਬਾਸੀ)







ਮਨੁੱਖੀ ਸੁਰਤਿ ਤੇ ਸਰੀਰ ਦੀ ਕਿਰਿਆਵਾਂ, ਅਤੇ ਅਸਤਿਤਵ ਤੇ ਸਹਿ-ਅਸਤਿਤਵ ਫੋਟੋਆਂ ਬਹੁਤ ਸੋਹਣੇਂ ਢੰਗ ਨਾਲ ਸਰੀਰ ਤੇ ਸੁਰਤਿ ਵਿਚ ਸਬੰਧ ਪਰਦਰਸ਼ਨ ਕਰਦੀਆਂ ਹਨ।

ਸਿੱਖੀ ਦਾ ਧੁਰਾ ਹੈ ਸਬਦ ਗੁਰੂ ਸੁਰਤਿ ਧੁਨ ਚੇਲਾ, ਅਤੇ ਸੁਰਤਿ ਹੀ ਸੀਰਤ ਘੜਦੀ ਹੈ। ਸਿੱਖ ਸੁਰਤ ਨੇ ਬਣਨਾਂ ਹੈ ਸਰੀਰ ਨੇ ਨਹੀਂ। ਸਿੱਖ ਦਾ ਗੁਰੂ ਸਬਦਨਹੈ। ਸਬਦ ਕਿਸੇ ਮਨੁੱਖ ਦੇ ਸਰੀਰ ਵਿਚ ਵਸ ਸਕਦਾ ਹੈ ਪਰ ਗੁਰੂ ਸਬਦ ਹੈ ਸਰੀਰ ਨਹੀਂ। ਜਿਵੇਂ:

**ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ (ਪੰਨਾ 102)**

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (ਪੰਨਾ 8)**

**ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥ (ਪੰਨਾ 464)**

**ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ॥ (ਪੰਨਾ 1069)**

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥ (ਪੰਨਾ 1102)**

**ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥ (ਪੰਨਾ 3)**

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ {ਪੰਨਾ 1406}**

**ਸਾਚੀ ਲਿਵੈ ਬਿਨੁ ਦੇਹ ਨਿਮਾਣੀ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥ (ਪੰਨਾ 917)**

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ (ਪੰਨਾ 918)**

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥ ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥ (ਪੰਨਾ 918)**

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥ ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥ ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥ ਪੰਨਾ 922}**

ਸਬਦ ਗਿਆਨ ਨਾਲ ਸੁਰਤਿ ਘੜੀ ਜਾਂਦੀ ਹੈ। ਪਰ ਅਸੀਂ ਸੁਰਤਿ ਵਲ ਨਹੀਂ, ਬਾਹਰ ਵਿਚ ਗੁਆਚ ਗਏ ਹਾਂ। ਧਿਆਂਨ ਨਹੀਂ ਰਖਦੇ ਤੇ ਮੰਦੇ ਕਰਮ ਕਰਕੇ ਲੋਕਾਂ ਨੂੰ ਦੁਖੀ ਕਰਦੇ ਹਾਂ। ਜਾਤ ਪਾਤ, ਲਿੰਗ, ਊਚ ਨੀਚ, ਗਰੀਬ ਅਮੀਰ ਜਹੇ ਭੇਦ ਭਾਵ ਕਰਦੇ ਹਾਂ। ਸਾਡਾ ਜੀਵਨ ਵਿਅਰਥ ਜਾ ਰਿਹਾ ਹੈ। ਬਾਹਰ ਨਾਲੋਂ ਅੰਤਰਗਿਆਨ ਦੀ ਲੋੜ ਹੈ:

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥ ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥ (ਪੰਨਾ 1418)**

**ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ (ਪੰਨਾ 67)**

**ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥ ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ॥ (ਪੰਨਾ 637)**

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (ਪੰਨਾ 602)**

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਪੰਨਾ 8)**

ਸੁਰਤ ਵਿਚ ਬਹੁਤ ਸ਼ਕਤੀ ਹੈ। ਅਸਲ ਸਿੱਖ ਉਹ ਹੈ ਜਿਸਦੀ ਸੁਰਤ ਸ਼ਬਦ ਨਾਲ ਜੁੜੀ ਹੋਵੇ, ਨ ਕਿ ਅਪਣੇ ਮਨ ਜਾਂ ਵਿਕਾਰਾਂ ਨਾਲ। ਰੱਬੀ ਗੁਣਾਂ ਦਾ ਧਾਰਨੀ ਹੋ ਕੇ ਉਨ੍ਹਾਂ ਅਨੁਸਾਰ ਜੀਵਨ ਬਣਾਵੇ। ਸੰਗਤ ਵਿਚ ਗੁਰਬਾਣੀ ਵਿਚਾਰੇ। ਸਿੱਖੀ ਕੰਮਾਂ ਵਿਚ ਹੈ ਵਿਖਾਵੇ ਵਿਚ ਨਹੀਂ। ਵਿਕਾਰ ਛਡ ਕੇ ਚੰਗੀ ਸੁਰਤ ਵਾਲਾ ਦੁਨੀਆਂ ਨਾਲ ਖਲੋ ਕੇ ਚੰਗਾ ਸਮਾਜ ਸਿਰਜ ਸਕਦਾ ਹੈ।

ਮਨਮੱਤੀ ਚਿੰਤਾ ਅਗਿਆਨ ਕਰਕੇ ਹੁੰਦੀ ਹੈ। ਗੁਰੂ ਸ਼ਬਦ ਅਗਿਆਂਨਤਾ ਕੱਢਣ ਵਿਚ ਸਹਾਈ ਹੁੰਦਾ ਹੈ। ਜਿਵੇਂ ਅਧਿਆਪਕ ਚੰਗੇ ਵਿਦਿਆਰਥੀ ਨੂੰ ਪਿਆਰ ਕਰਦਾ ਹੈ, ਗੁਰਮਤਿ ਅਨੁਸਾਰ ਜੀਵਨ ਵਾਲੇ ਦਾ ਜੀਵਨ ਸੁਖੀ ਹੋ ਜਾਂਦਾ ਹੈ। ਜਿਵੇਂ:

**ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥ (ਪੰਨਾ 350)**

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ (ਪੰਨਾ 1412)**

ਸੁਰਤ ਵਿਚ ਸਬਰ ਸੰਤੋਖ ਆ ਜਾਵੇ ਤਾਂ ਡਰ ਖਤਮ ਹੋ ਜਾਂਦਾ ਹੈ। ਜਿਵੇਂ:

**ਡਡਾ ਡਰ ਉਪਜੇ ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥ (ਪੰਨਾ 341)**

**ਹੁਕਮੁ ਨ ਜਾਣੈ ਬਹੁਤਾ ਰੋਵੈ॥ ਅੰਦਰਿ ਧੋਖਾ ਨੀਦ ਨ ਸੋਵੈ॥ ਜੇ ਧਨ ਖਸਮੈ ਚਲੈ ਰਜਾਈ॥ ਦਰਿ ਘਰਿ ਸੋਭਾ ਮਹਲਿ ਬੁਲਾਈ॥ (ਪੰਨਾ 85)**

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਿਰ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ (ਪੰਨਾ 441)**

**ਸਭ ਮਿਹ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਿਣ ਸਭ ਮਹਿ ਚਾਨਣੁ ਹੋਇ॥ (ਪੰਨਾ 663)**

ਸੁਰਤ ਨੂੰ ਗੁਰੂ ਦੀ ਸਿਖਿਆ ਨਾਲ ਜੋੜਨਾ ਹੈ:

**ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ (ਪੰਨਾ 667)**

**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ (ਪੰਨਾ 5)**

**ਸਾਰਅੰਸ਼**: ਸਰੀਰ ਜਨਮ ਤੋਂ ਮਿਲਦਾ ਹੈ, ਇਹ ਗੁਰੂ ਜਾਂ ਚੇਲਾ ਨਹੀਂ ਬਣ ਸਕਦਾ। ਸਰੀਰ ਫਸਲ ਵਾਂਗ ਹੈ ਤੇ ਸੁਰਤ ਜਮੀਨ (ਖੇਤ) ਵਾਂਗ ਹੈ ਜਿਸ ਵਿਚੋਂ ਫਸਲ ਨੂੰ ਖੁਰਾਕ ਮਿਲਦੀ ਹੈ, ਤੇ ਉਪਜਾਊਂ ਜਮੀਨ ਵਿਚ ਵਿਚ ਹੀ ਫਸਲ ਚੰਗੀ ਹੋ ਸਕਦੀ ਹੈ। ਸਰੀਰ ਸੁਰਤ ਅਨੁਸਾਰ ਹੀ ਕੰਮ ਕਰਦਾ ਹੈ, ਤੇ ਸੁਰਤ ਗੁਰੂ ਸਿਖਿਆ ਨਾਲ ਹੀ ਸੁੰਦਰ ਬਣਦੀ ਹੈ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ੁੰਮੇਵਾਰ ਨਹੀਂ ਹੈ, ਜ਼ੁੰਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ।
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ ਹੋਵੇ।
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ ਜੀ।
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ।
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਦੋ ਪੰਨੇ-800 ਸ਼ਬਦ (ਫੋਟੋ ਸਮੇਤ) ਹੋਣ।
7. ਲੰਮੇ ਲੇਖ ਸਾਡੇ ਵੈੱਬਸਾਈਟ (***sanjhivirasat.org***) ਦੇ 'ਬਲੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ।
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ ਕਿ '**Copyright Infringement**' ਨਹੀਂ ਹੋਣੀ ਚਾਹੀਦੀ।
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾ ਦਿਓ।
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ; ਅਤੇ ਸਹੀ ਵਰਣ-ਯੋਗ ਵੀ ਬਹੁਤ ਜਰੂਰੀ ਹੈ; ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ।

## Important Information for Authors

**Magazine Policy**: To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board** will not be responsible for views of Authors /Poets.
2. **Font size 14**: Panjabi - Anmol Lipi Heavy; English -Times New Roman.
3. **Spacing, margin**: Line-to-line 1.0, One Inch Margins on all four sides.
4. **Format -WORD**: No PDF, Photocopy, Printscreen, Snip, Office-Lens.
5. **Author's Data**: Name, City (Country), Brief (own) Introduction.
6. **Author's Contact**: Phone, e-mail, or WhatsApp. (Photo is optional).
7. **Maximum Length**: Two pages (Including Photo) / 800 words.
8. **Longer Articles**: On blog Website ***(sanjhivirasat.org)*** / serialized.
9. **Copy -right (CR)**: Authors will certify there is No CR Infringement.
10. **References/Photo**: Source (Author, Title, Journal/Book, Year, Pages).
11. **For Quotes from Gurbani**, make sure that spellings are correct.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## (ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)

| | |
|---|---|
| 1. ਡਾ. ਕਾਬਲ ਸਿੰਘ (ਮੁੱਖ ਸੰਪਾਦਕ) | ਐਡਮਿੰਟਨ (ਕੈਨੇਡਾ) |
| 2. ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 3. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 4. ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 5. ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| 11. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 12. ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸਲਾਹਕਾਰ (ਸਾਂਝੀ ਵਿਰਾਸਤ)

| | |
|---|---|
| 1. ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. ਸਰਦਾਰਨੀ ਅੰਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸੰਪਾਦਕੀ ਬੋਰਡ





**ਪ੍ਰੋਫ਼ੈਸਰ (ਡਾ). ਸੁਰਜੀਤ ਸਿੰਘ ਭੱਟੀ**
**Founding/ਸੰਸਥਾਪਕ ਸੰਪਾਦਕ**

**ਡਾ. ਕਾਬਲ ਸਿੰਘ**
**ਮੁੱਖ ਸੰਪਦਕ**









ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ. ਰਾਜਬੀਰ ਸਿੰਘ ਭੱਟੀ

ਸ. ਜਗਬੀਰ ਸਿੰਘ ਕੋਹਲੀ









ਡਾ. ਰਾਜਾ ਬਲਰਾਜ ਸਿੰਘ

ਸ. ਜਸਵਿੰਦਰ ਸਿੰਘ ਰੁਪਾਲ

ਸ. ਪਰਮਜੀਤ ਸਿੰਘ

ਸ. ਉਂਕਾਰ ਸਿੰਘ ਟਿਵਾਣਾ









ਡਾ. ਬਲਦੇਵ ਸਿੰਘ

ਪ੍ਰਿੰਸੀਪਲ ਮਨਮੋਹਨ ਕੌਰ

ਸ. ਯੁਵਰਾਜ ਸਿੰਘ

ਸ. ਰਣਸ਼ੇਰ ਰਾਜ ਸਿੰਘ

# ਸ਼ਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)